# Vidhan Sabha Study Centre

## June 2009

## Vidhan Sabha Study Centre (VSSC) at the Institute

Success of democracy lies in active, informed and responsible involvement of the legislators in the affairs of governance. Mahatma Gandhi State Institute of Public Administration, Punjab (MGSIPAP) proposes to establish a Vidhan Sabha Study Centre (VSSC) with the aim of acting as a catalyst and providing analytical links between the general public and the legislators and between the legislators and the government. Academic inputs based on action research programmes shall be produced by the Center to make the executive and the legislature jointly responsive to the needs of the society. Some specific objectives of the Center are:

1. To provide structured programmes in academic ambience for sharing of views on business procedures and activities of Vidhan Sabha in order to enhance its productivity.
2. To facilitate thought-process of the legislators on political philosophy, jurisprudence, issues of public policy and administrative problems to spur legislative initiatives.
3. To undertake research, analysis and evaluation of the regulatory, welfare and developmental programmes and procedures of the government on the issues referred by the people's representatives.
4. To organize training programmes for newly elected legislators and members of various committees of the House in order to equip them to discharge their responsibilities professionally.
5. To organize lectures, seminars, workshops, study tours and academic group activities to promote understanding of the people's representatives with eminent thinkers, administrators, social workers, jurists and professionals in various walks of life.

## October 2009

# ਪੰਜਾਬ ਦੇ ਵਿਧਾਨਕਾਰਾਂ ਲਈ ਦਿਸ਼ਾ ਨਿਰਧਾਰਣ ਵਰਕਸ਼ਾਪ

ਵਿਧਾਨਕਾਰਾਂ ਵਿੱਚ ਸਮੇਂ ਦੀ ਮੰਗ ਅਨੁਸਾਰ ਲੋਕ ਪਾਲਿਸੀ ਬਾਰੇ ਨਵੀਆਂ ਸੇਧਾਂ ਦੇਣ ਦੀ ਸਮਰੱਥਾ ਨੂੰ ਵਿਕਸਿਤ ਕਰਨ ਦੀ ਲੋੜ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਇਕ ਠੋਸ ਅਤੇ ਗਤੀਸ਼ੀਲ ਵਿਦਿਅਕ ਵਿਵੱਸਥਾ ਸਥਾਪਤ ਕਰਨ ਲਈ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ ਵਿਖੇ ਵਿਧਾਨ ਸਭਾ ਸਟੱਡੀ ਸੈਂਟਰ ਸਥਾਪਿਤ ਕੀਤਾ ਗਿਆ ਹੈ।

ਸੈਂਟਰ ਵੱਲੋਂ ਵਿਧਾਨਕਾਰਾਂ ਲਈ ਦਿਸ਼ਾ ਨਿਰਧਾਰਣ ਵਰਕਸ਼ਾਪ ਮਿਤੀ 22 ਅਤੇ 23 ਸਿਤੰਬਰ, 2009 ਨੂੰ ਕਰਵਾਈ ਗਈ ਜਿਸ ਵਿੱਚ ਅਜਿਹੇ ਵਿਧਾਨਕਾਰਾਂ ਨੂੰ ਸੱਦਾ-ਪੱਤਰ ਭੇਜੇ ਗਏ, ਜੋ ਇਸ ਵੇਲੇ ਜਾਂ ਪਹਿਲਾਂ ਮੰਤਰੀ ਜਾਂ ਮੁੱਖ ਸੰਸਦੀ ਸਕੱਤਰ ਨਹੀਂ ਰਹੇ ਸਨ। ਇਸ ਵਿੱਚ 62 ਵਿਧਾਨਕਾਰ ਸ਼ਾਮਲ ਹੋਏ। ਇਹ ਵਰਕਸ਼ਾਪ ਵਿਧਾਨਕਾਰਾਂ ਨੂੰ ਵਿਧਾਨ ਸਭਾ ਵਿੱਚ ਵੱਖ ਵੱਖ ਜੰਤਰਾਂ ਰਾਹੀਂ ਮੁੱਦੇ ਉਠਾਉਣ, ਸਦਨ ਦੇ ਨਿਯਮਾਂ, ਪ੍ਰੰਪਰਾਵਾਂ ਅਤੇ ਕਮੇਟੀਆਂ ਵਿੱਚ ਅਸਰਦਾਰ ਢੰਗ ਤਰੀਕਿਆਂ ਨਾਲ ਕੰਮਕਾਰ ਕਰਨ ਲਈ ਜਾਣਕਾਰੀ ਮੁਹੱਈਆ ਕਰਵਾਉਣ ਲਈ ਕੀਤੀ ਗਈ ਸੀ। ਅਜਿਹੀ ਵਰਕਸ਼ਾਪ ਕਰਵਾਉਣ ਲਈ ਵਿਧਾਨਕਾਰਾਂ ਨੇ ਮੰਗ ਕੀਤੀ ਸੀ ਅਤੇ ਸਪੀਕਰ ਸਾਹਿਬ ਨੇ ਵਰਕਸ਼ਾਪ ਕਰਵਾਉਣ ਦਾ ਉਨ੍ਹਾਂ ਨੂੰ ਸਦਨ ਵਿੱਚ ਭਰੋਸਾ ਦਿੱਤਾ ਸੀ। ਇਹ ਵਰਕਸ਼ਾਪ ਸਪੀਕਰ ਸਾਹਿਬ ਦੇ ਅਹਿਮ ਯੋਗਦਾਨ ਰਾਹੀ ਕੀਤਾ ਗਿਆ।

ਇਸ ਵਰਕਸ਼ਾਪ ਵਿੱਚ ਚਰਚਾ ਦੇ ਵਿਸ਼ੇ ਸਨ- (1) ਇਕ ਪ੍ਰਭਾਵਕਾਰੀ ਵਿਧਾਨਕਾਰ ਕਿਵੇਂ ਬਣਿਆ ਜਾਵੇ? (2) ਮਹੱਤਵਪੂਰਣ ਮਾਮਲਿਆਂ ਤੇ ਸੰਸਦੀ ਜੰਤਰਾਂ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ। (3) ਸਦਨ ਦੀਆਂ ਕਮੇਟੀਆਂ ਰਾਹੀਂ ਕਾਰਜਕਾਰਣੀ ਤੇ ਨਜ਼ਰ। (4) ਐਂਟੀ ਡਿਫੈਕਸ਼ਨ ਲਾਅ ਅਤੇ (5) ਸੰਸਦੀ ਵਿਸ਼ੇਸ਼ ਅਧਿਕਾਰ।

ਵਿਧਾਨ ਸਭਾ ਸਟੱਡੀ ਸੈਂਟਰ ਦਾ ਮੁੱਖ ਮੰਤਵ ਵਿਧਾਨਕਾਰਾਂ, ਵਿਚਾਰਕਾਂ ਅਤੇ ਆਮ ਜਨਤਾ ਵਿਚਕਾਰ ਸਮੀਖਿਆਤਮਕ ਕੜੀ ਦੇ ਤੌਰ ਤੇ ਇਕ ਵਿਦਿਅਕ ਫੋਰਮ ਪ੍ਰਦਾਨ ਕਰਨਾ, ਪ੍ਰਸ਼ਾਸਨ ਨੂੰ ਆਮ ਜਨਤਾ ਪ੍ਰਤੀ ਜੁਆਬ-ਦੇਹ ਬਣਾਉਣਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਵਿਵਹਾਰਕ ਹੱਲ ਪੇਸ਼ ਕਰਨਾ ਹੈ।



ਪੰਜਾਬ ਦੇ ਵਿਧਾਨਕਾਰਾਂ ਲਈ ਦਿਸ਼ਾ ਨਿਰਧਾਰਣ ਵਰਕਸ਼ਾਪ ਦਾ ਦ੍ਰਿਸ਼

ਸਪੀਕਰ ਸਾਹਿਬ ਸ: ਨਿਰਮਲ ਸਿੰਘ ਕਾਹਲੋਂ ਨੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਵਿਧਾਨ ਸਭਾ ਵਿੱਚ ਮੈਂਬਰਾਂ ਦਾ ਭਾਸ਼ਣ ਸੰਖੇਪ ਹੋਣਾ ਚਾਹੀਦਾ ਹੈ, ਅਰਥਾਤ ਥੋੜ੍ਹਾ ਬੋਲੋ ਪਰ ਵਧੀਆ ਬੋਲੋ; ਇਹ ਤੱਥਾਂ ਤੇ ਅਧਾਰਤ ਅਤੇ ਸਹੀ ਹੋਣਾ ਚਾਹੀਦਾ ਹੈ ਕਿਉਂਕਿ ਪਬਲਿਕ ਵਿੱਚ ਬੋਲਣ ਅਤੇ ਸਦਨ ਵਿੱਚ ਬੋਲਣ ਵਿੱਚ ਫਰਕ ਹੈ। ਸਦਨ ਵਿੱਚ ਪੂਰੀ ਤਿਆਰੀ ਨਾਲ ਬੋਲੋ, ਠੋਸ ਗੱਲ ਕਰੋ ਅਤੇ ਉਸ ਨੂੰ ਥੋੜੇ ਸ਼ਬਦਾਂ ਵਿੱਚ ਮੁਕੰਮਲ ਕਰੋ ਤਾਂ ਕਿ ਉਹ ਅਧੂਰੀ ਨਾਂ ਰਹਿ ਜਾਵੇ।

ਇਸ ਵਰਕਸ਼ਾਪ ਵਾਸਤੇ ਮਾਹਿਰ ਬੁਲਾਰਿਆਂ ਦੀ ਚੋਣ ਕੀਤੀ ਗਈ। ਉਨ੍ਹਾਂ ਵਿੱਚੋਂ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਸ਼੍ਰੀ ਜੀ.ਸੀ.ਮਲਹੋਤਰਾ ਅਤੇ ਰਾਜ ਸਭਾ ਦੇ ਸਕੱਤਰ ਸ਼੍ਰੀ ਐਨ.ਸੀ.ਜੋਸ਼ੀ ਨੇ ਬੜੇ ਵਿਸਥਾਰ ਨਾਲ ਪਾਰਲੀਮਾਨੀ ਨਿਯਮਾਂ ਅਤੇ ਜੰਤਰਾਂ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਤੋਂ ਇਲਾਵਾ ਸ਼੍ਰੀ ਬਲਰਾਮਜੀ ਦਾਸ ਟੰਡਨ, ਸਾਬਕਾ ਮੰਤਰੀ, ਸ: ਚਰਨਜੀਤ ਸਿੰਘ ਅਟਵਾਲ, ਸਾਬਕਾ ਡਿਪਟੀ ਸਪੀਕਰ, ਲੋਕ ਸਭਾ, ਸ: ਬੀਰਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਸ਼੍ਰੀ ਗੋਪਾਲ ਕ੍ਰਿਸ਼ਨ ਚੱਤਰਥ, ਸਾਬਕਾ ਐਡਵੋਕੇਟ ਜਨਰਲ, ਪੰਜਾਬ ਅਤੇ ਸਾਬਕਾ ਚੇਅਰਮੈਨ, ਪਬਲਿਕ ਅਕਾਊਂਟਸ ਕਮੇਟੀ ਅਤੇ ਸ਼੍ਰੀ ਹਰਦੇਵ ਅਰਸ਼ੀ, ਸਾਬਕਾ ਐਮ.ਐਲ.ਏ., ਪੰਜਾਬ ਨੇ ਵੀ ਵਿਧਾਨਕਾਰਾਂ ਨੂੰ ਸਦਨ ਵਿੱਚ ਮੁੱਦੇ ਉਠਾਉਣ ਦੇ ਢੰਗ-ਤਰੀਕਿਆਂ ਅਤੇ ਸਦਨ ਵਿੱਚ ਨਿਯਮਾਂ ਅਤੇ ਪ੍ਰੰਪਰਾਵਾਂ ਤੇ ਰੋਸ਼ਨੀ ਪਾਈ।

ਵਰਕਸ਼ਾਪ ਵਿੱਚ ਹੋਈ ਚਰਚਾ ਵਿਚ ਕੁਝ ਵਿਸ਼ੇਸ਼ ਨੁਕਤੇ ਉਭਰ ਕੇ ਸਾਹਮਣੇ ਆਏ, ਜਿਵੇਂ ਕਿ ਕੀ ਇਕ ਮੰਤਰੀ

ਜਾਂ ਸੰਸਦੀ ਸਕੱਤਰ ਸਦਨ ਵਿੱਚ ਪੁਆਇੰਟ ਆਫ ਆਰਡਰ ਉਠਾ ਸਕਦਾ ਹੈ, ਇਸ ਦਾ ਜਵਾਬ ਸੀ ਹਾਂ, ਕਿਉਂਕਿ ਉਹ ਵੀ ਵਿਧਾਨਕਾਰ ਹੁੰਦਾ ਹੈ। ਇਹ ਵੀ ਸਪਸ਼ਟ ਕੀਤਾ ਗਿਆ ਕਿ ਇਕ ਸੰਸਦੀ ਸਕੱਤਰ ਇਕ ਵਿਧਾਨਕਾਰ ਹੋਣ ਦੇ ਨਾਤੇ ਕਿਸੇ ਪ੍ਰਸ਼ਨ ਤੇ ਸਪਲੀਮੈਂਟਰੀ ਪੁੱਛ ਸਕਦਾ ਹੈ।ਇਕ ਜਵਾਬ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਕਿ ਜੇਕਰ ਕੋਈ ਇੰਡੀਪੈਂਡੈਂਟ ਮੈਂਬਰ ਕਿਸੇ ਹੋਰ ਪਾਰਟੀ ਵਿੱਚ ਸ਼ਾਮਿਲ ਹੁੰਦਾ ਹੈ ਤਾਂ ਉਹ ਡਿਸਕਵਾਲੀਫਾਈ ਹੋ ਜਾਂਦਾ ਹੈ।ਇਕ ਹੋਰ ਪ੍ਰਸ਼ਨ ਦੇ ਉੱਤਰ ਵਿੱਚ ਦੱਸਿਆ ਗਿਆ ਕਿ ਕਿਸੇ ਵਿਧਾਨਕਾਰ ਨੂੰ ਅਰੈਸਟ ਕਰਨ ਲਈ ਸਪੀਕਰ ਦੀ ਆਗਿਆ ਦੀ ਲੋੜ ਨਹੀਂ ਹੁੰਦੀ ਪਰ ਅਰੈਸਟ ਕਰਨ ਤੋਂ ਤੁਰੰਤ ਬਾਅਦ ਸਪੀਕਰ ਨੂੰ ਸੂਚਿਤ ਕਰਨਾ ਜ਼ਰੂਰੀ ਹੈ। ਇਕ ਹੋਰ ਸਵਾਲ ਦੇ ਜਵਾਬ ਵਿੱਚ ਇਹ ਸਪਸ਼ਟ ਕੀਤਾ ਗਿਆ ਕਿ ਪਿੱਛਲੀ ਵਿਧਾਨ ਸਭਾ ਦਾ ਕੋਈ ਮੁੱਦਾ ਅਗਲੀ ਵਿਧਾਨ ਸਭਾ ਵਿੱਚ ਨਹੀਂ ਆਉਂਦਾ ਪਰ ਜੇਕਰ ਕੋਈ ਮੁੱਦਾ ਲਿਆਉਣਾ ਹੋਵੇ ਤਾਂ ਉਹ ਪਰਾਪਰ ਪ੍ਰੋਸੀਜ਼ਰ ਅਪਣਾ ਕੇ ਲਿਆਂਦਾ ਜਾ ਸਕਦਾ ਹੈ।



ਮਾਨਯੋਗ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ, ਮੁੱਖ ਮਹਿਮਾਨ, ਵਿਧਾਨਕਾਰਾਂ ਲਈ ਦਿਸ਼ਾ ਨਿਰਧਾਰਣ ਵਰਕਸ਼ਾਪ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ

ਮਾਨਯੋਗ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਦੱਸਿਆ ਕਿ ਉਹ ਬਹੁਤ ਵਾਰ ਐਮ.ਐਲ.ਏ. ਬਣੇ ਹਨ ਪਰ, ਅਜਿਹੀ ਵਰਕਸ਼ਾਪ ਪਹਿਲੀ ਵਾਰ ਹੋਈ ਹੈ, ਜਿਸ ਲਈ ਉਨ੍ਹਾਂ ਨੇ ਸਪੀਕਰ ਸਾਹਿਬ ਅਤੇ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ, ਪੰਜਾਬ ਦੀ ਸ਼ਲਾਘਾ ਕੀਤੀ।

ਇਕ ਨੁਕਤਾ ਜਿਹੜਾ ਜ਼ੋਰ ਨਾਲ ਉਠਾਇਆ ਗਿਆ ਉਹ ਇਹ ਸੀ ਕਿ 'ਕੀ ਵਿਧਾਨ ਸਭਾ ਵੱਲੋਂ ਸਰਵ ਸੰਮਤੀ ਨਾਲ ਪਾਸ ਕੀਤੇ ਗਏ ਮਤੇ ਨੂੰ ਸਰਕਾਰ ਵੱਲੋਂ ਮੰਨਣਾ ਲਾਜ਼ਮੀ ਹੈ ਅਤੇ ਕੀ ਨਾਂ ਮੰਨਣ ਦੀ ਸੂਰਤ ਵਿੱਚ ਸਰਕਾਰ ਦੇ ਖਿਲਾਫ ਪਰਵਿਲੇਜ਼ ਮੋਸ਼ਨ ਲਿਆਂਦਾ ਜਾ ਸਕਦਾ ਹੈ।' ਇਸ ਦੇ ਉੱਤਰ ਵਿੱਚ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਸ੍ਰੀ ਮਲਹੋਤਰਾ ਨੇ ਕਿਹਾ ਕਿ ਜੇ ਸਹੀ ਅਰਥਾਂ ਵਿੱਚ ਬਹੁਮਤ ਮਤੇ ਦੇ ਹੱਕ ਵਿੱਚ ਹੈ ਤਾਂ ਬੇਵਿਸ਼ਵਾਸੀ ਦਾ ਮਤਾ ਪਾਸ ਕਰਕੇ ਸਰਕਾਰ ਨੂੰ ਚਲਦਾ ਕਰ ਸਕਦੇ ਹਨ। ਇਹ ਗੌਰ ਤਲਬ ਹੈ ਕਿ ਇਹ ਨੁਕਤਾ ਵਿਧਾਨ ਸਭਾ ਵੱਲੋਂ ਵਿਧਾਨਕਾਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧੇ ਬਾਰੇ ਕੁਝ ਚਿਰ ਪਹਿਲਾਂ ਪਾਸ ਕੀਤਾ ਗਿਆ ਸੀ, ਪਰ ਸਰਕਾਰ ਵੱਲੋਂ ਕੀਤੀ ਜਾ ਰਹੀ ਦੇਰੀ ਦੇ ਸਬੰਧ ਵਿੱਚ ਇਹ ਨੁਕਤਾ ਉਠਾਇਆ ਗਿਆ।

ਵਿਧਾਨ ਸਭਾ ਦੀ ਸਰਕਾਰ ਉੱਤੇ ਇਹੋ ਜਿਹੇ ਮਾਮਲਿਆਂ ਬਾਰੇ ਕੀ ਪਾਵਰ ਹੈ, ਇਸ ਦੇ ਸੰਦਰਭ ਵਿੱਚ ਸੰਵਿਧਾਨ ਦਾ ਕਾਨੂੰਨੀ ਨੁਕਤਾ ਵਿਚਾਰਨਯੋਗ ਹੈ। ਆਰਟੀਕਲ 195 ਵਿਧਾਨਕਾਰਾਂ ਦੀ ਤਨਖਾਹ ਨਾਲ ਤੁਅੱਲਕ ਰੱਖਦਾ ਹੈ, ਜਿਸ ਵਿੱਚ ਇਹ ਕਿਹਾ ਗਿਆ ਹੈ ਕਿ ਤਨਖਾਹ ਅਤੇ ਭੱਤੇ ਕਾਨੂੰਨ ਰਾਹੀਂ ਨਿਰਧਾਰਤ ਕੀਤੇ ਜਾਣੇ ਹਨ। ਆਰਟੀਕਲ 199 ਵਿੱਚ ਇਹ ਕਿਹਾ ਗਿਆ ਹੈ ਕਿ ਕੋਈ ਵੀ ਬਿੱਲ ਜਿਹੜਾ ਵਿੱਤ/ਖਰਚੇ ਨਾਲ ਸਬੰਧ ਰੱਖਦਾ ਹੈ, ਮਨੀ-ਬਿੱਲ ਹੋਵੇਗਾ ਅਤੇ ਉਹ ਰਾਜਪਾਲ (ਸਰਕਾਰ) ਦੀ ਪੂਰਵ ਮੰਨਜ਼ੂਰੀ ਨਾਲ ਹੀ ਲਿਆਂਦਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹੋ ਜਿਹਾ ਬਿੱਲ ਸਦਨ ਵਿੱਚ ਸਰਕਾਰ ਵੱਲੋਂ ਹੀ ਲਿਆਂਦਾ ਜਾ ਸਕਦਾ ਹੈ। ਵਿਧਾਨਕਾਰਾਂ ਦੀ ਤਨਖਾਹ ਅਤੇ ਭੱਤਿਆਂ ਬਾਰੇ ਕਾਨੂੰਨ ਬਣਿਆ ਹੋਇਆ ਹੈ, ਜਿਸ ਵਿੱਚ ਹੋਰ ਵਾਧੂ ਭੱਤੇ ਦੇਣ ਬਾਰੇ ਸੋਧ ਪ੍ਰਸਤਾਵ ਰਾਜਪਾਲ (ਸਰਕਾਰ) ਦੀ ਮੰਨਜ਼ੂਰੀ ਰਾਹੀਂ ਹੀ ਵਿਧਾਨ ਸਭਾ ਵਿੱਚ ਲਿਆਂਦਾ ਜਾ ਸਕਦਾ ਹੈ।

ਮਾਨਯੋਗ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਸਮਾਪਨ ਭਾਸ਼ਨ ਵਿੱਚ ਕਿਹਾ ਕਿ ਅਜਿਹੀ ਵਰਕਸ਼ਾਪ ਤੋਂ ਮੈਂਬਰਾਂ ਨੂੰ ਕਾਫੀ ਲਾਭ ਹੁੰਦਾ ਹੈ। ਉਨ੍ਹਾਂ ਉਦਾਹਰਣ ਦਿੰਦੇ ਹੋਏ ਕਿਹਾ ਕਿ ਵਿਦੇਸ਼ਾਂ ਵਿੱਚ ਪ੍ਰਸਿੱਧ ਡਾਕਟਰਾਂ ਨੂੰ ਵੀ ਹਰ ਸਾਲ ਇਕ ਮਹੀਨਾ ਜਾਂ 15 ਦਿਨ ਦਾ ਰਿਫਰੈਸ਼ਰ ਕੋਰਸ ਕਰਵਾਇਆ ਜਾਂਦਾ ਹੈ ਤਾਂ ਕਿ ਉਹ ਤਾਜ਼ਾ (latest) ਜਾਣਕਾਰੀ ਤੋ ਵਾਕਫ ਰਹਿਣ । ਸਪੀਕਰ ਸਾਹਿਬ ਨੇ ਐਲਾਨ ਕੀਤਾ ਕਿ ਇਸ ਵਾਰ ਬਜਟ ਸੈਸ਼ਨ ਦੌਰਾਨ ਦੋ ਉੱਤਮ ਵਿਧਾਇਕਾਂ (best legislators) ਨੂੰ ਸਨਮਾਨਤ ਕੀਤਾ ਜਾਵੇਗਾ।

*Contact: Shri B. S. Dhillon; bsdhillon@mgsipap.org; Ph: 0172-2793588 Ext:512*

# October 2009

## ਰਾਜ ਪ੍ਰਬੰਧ ਵਿੱਚ ਵਿਧਾਇਕ ਦੀ ਭੂਮਿਕਾ

ਸਰਵ ਭਾਰਤੀ ਵਿੱਪਸ ਕਾਨਫਰੰਸ ਦੀਆਂ ਸਿਫਾਰਸ਼ਾਂ ਦੇ ਮੱਦੇ ਨਜ਼ਰ ਸੰਸਦੀ ਕਾਜ ਵਿਭਾਗ ਵੱਲੋਂ ਰਾਜ ਸਲਾਹਕਾਰ ਕਮੇਟੀਆਂ ਬਣਾਈਆਂ ਜਾਂਦੀਆਂ ਹਨ, ਪਰ ਇਨ੍ਹਾਂ ਕਮੇਟੀਆਂ ਦੀ ਕਦੀ ਮੀਟਿੰਗ ਨਹੀਂ ਹੁੰਦੀ, ਜਿਸ ਨਾਲ ਸੰਸਦੀ ਕਾਜ ਵਿਭਾਗ ਨੇ ਮੈਗਸੀਪਾ ਦੇ ਵਿਧਾਨ ਸਭਾ ਸਟੱਡੀ ਸੈਂਟਰ ਨਾਲ ਸਹਿਯੋਗ ਕਰਕੇ ਰਾਜ ਪ੍ਰਬੰਧ ਵਿੱਚ ਵਿਧਾਇਕ ਦੀ ਭੂਮਿਕਾ ਸਬੰਧੀ ਵਿਧਾਨਕਾਰਾਂ ਲਈ ਮਿਤੀ 4 ਨਬੰਵਰ 2009 ਨੂੰ ਇਕ ਪ੍ਰੋਗਰਾਮ ਆਯੋਜਿਤ ਕੀਤਾ ਸੀ, ਜਿਸ ਵਿੱਚ ਖੇਤੀਬਾੜੀ ਵਿਭਾਗ ਅਤੇ ਸਬੰਧਤ ਸੰਸਥਾਵਾਂ ਦੇ ਅਧਿਕਾਰੀਆਂ, ਮਾਹਿਰਾਂ ਅਤੇ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਨੂੰ ਭਾਗ ਲੈਣ ਲਈ ਬੁਲਾਇਆ ਗਿਆ ਸੀ।

ਮਾਨਯੋਗ ਸਪੀਕਰ ਸ: ਨਿਰਮਲ ਸਿੰਘ ਕਾਹਲੋਂ ਨੇ ਇਸ ਪ੍ਰੋਗਰਾਮ ਦਾ ਉਦਘਾਟਨ ਕੀਤਾ ਅਤੇ ਸ੍ਰੀ ਤੀਕਸ਼ਨ ਸੂਦ, ਸੰਸਦੀ ਕਾਜ ਮੰਤਰੀ ਜੀ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ। ਵਿਧਾਨਕਾਰਾਂ ਨੂੰ ਖੇਤੀਬਾੜੀ ਅਤੇ ਸਬੰਧਤ ਸੰਸਥਾਵਾਂ ਸਬੰਧੀ ਜਾਣਕਾਰੀ ਦੇਣ ਲਈ ਸਾਰੇ ਅਧਿਕਾਰੀ ਅਤੇ ਮਾਹਿਰ ਪੂਰੀ ਤਿਆਰੀ ਨਾਲ ਆਏ ਸਨ। ਡਾ: ਜੀ. ਐਸ. ਕਾਲਕਟ, ਚੇਅਰਮੈਨ, ਪੰਜਾਬ ਰਾਜ ਕਿਸਾਨ ਕਮਿਸ਼ਨ, ਵਲੋਂ ਨਿਮਨਲਿਖਿਤ 5 ਨੁਕਤਿਆਂ ਅਰਥਾਤ :

1. ਛੋਟੇ ਕਿਸਾਨਾਂ ਦੀ ਆਮਦਨ ਕਿਸ ਤਰ੍ਹਾਂ ਵਧਾਈ ਜਾਵੇ।
2. ਪੰਜਾਬ ਵਿੱਚ ਪਾਣੀ ਦੀ ਸਮੱਸਿਆ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾਵੇ।
3. ਆਤਮ ਹੱਤਿਆਵਾਂ ਨੂੰ ਕਿਵੇਂ ਬੰਦ ਕੀਤਾ ਜਾਵੇ।
4. ਪਿੰਡਾਂ ਵਿੱਚ ਪ੍ਰਾਇਮਰੀ ਸਿੱਖਿਆ।
5. ਪੌਲਿਯੂਸ਼ਨ ਦੇ ਉਤੇ ਕਿਸ ਤਰ੍ਹਾਂ ਕਾਬੂਕੀਤਾ ਜਾਵੇ ਅਤੇ ਪੰਜਾਬ ਦੇ ਵਾਤਾਵਰਣ ਨੂੰ ਕਿਸ ਤਰ੍ਹਾਂ ਠੀਕ ਰੱਖਿਆ ਜਾਵੇ।

ਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਵਿਧਾਨਕਾਰਾਂ ਦੇ ਥੋੜ੍ਹੀ ਗਿਣਤੀ ਵਿੱਚ ਆਉਣ ਕਾਰਨ ਇਹ ਪ੍ਰੋਗਰਾਮ ਜਲਦੀ ਸਥੱਗਤ ਕਰ ਦਿੱਤਾ ਗਿਆ।

ਸਪੀਕਰ ਸਾਹਿਬ ਨੇ ਕਿਹਾ ਕਿ ਅਗਲਾ ਪ੍ਰੋਗਰਾਮ ਵਿਧਾਨ ਸਭਾ ਸੈਸ਼ਨ ਤੋਂ ਬਾਅਦ ਸੰਸਦੀ ਕਾਜ ਮੰਤਰੀ ਸ੍ਰੀ ਤੀਕਸ਼ਨ ਸੂਦ ਜੀ ਨਾਲ ਵਿਚਾਰ ਕਰਕੇ ਰੱਖਾਂਗੇ ਤਾਂ ਕਿ ਵਿਧਾਇਕਾਂ ਨੂੰ ਅਜਿਹੇ ਪ੍ਰੋਗਰਾਮ ਤੋ ਲਾਭ ਉਠਾਉਣ ਦਾ ਮੌਕਾ ਮਿਲ ਸਕੇ। ਮੁੱਖ ਸਕੱਤਰ ਸ੍ਰੀ ਐਸ. ਸੀ. ਅਗਰਵਾਲ ਨੇ ਆਏ ਸਾਰੇ ਵਿਧਾਨਕਾਰਾਂ, ਅਧਿਕਾਰੀਆਂ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ।

*Contact: Shri B. S. Dhillon; bsdhillon@mgsipap.org; Ph: 0172-2793588 Ext:512*



ਭਗਵਾਨ ਸਿੰਘ ਢਿੱਲੋਂ, ਸਕੱਤਰ
ਵਿਧਾਨ ਸਭਾ ਸਟੱਡੀ ਸੈਂਟਰ
bsdhillon@mgsipap.org
Ph: 0172-2793588 Ext:512

# December 2009

# ਵਿਧਾਨ ਸਭਾ ਸਟੱਡੀ ਸੈਂਟਰ – ਸਥਾਪਨਾ ਅਤੇ ਮਨੋਰਥ

ਸੰਸਦੀ ਲੋਕਤੰਤਰ ਨੂੰ ਸਫਲ ਬਣਾਉਣ ਲਈ ਵਿਧਾਨਕਾਰਾਂ ਵਿੱਚ ਸਮੇਂ ਦੀ ਮੰਗ ਅਨੁਸਾਰ ਲੋਕਨੀਤੀ ਅਤੇ ਪ੍ਰਸ਼ਾਸਨ ਪ੍ਰਣਾਲੀ ਬਾਰੇ ਨਵੀਆਂ ਸੋਧਾਂ ਕਰਨ ਅਤੇ ਸੇਧਾਂ ਦੇਣ ਦੀ ਸਮਰੱਥਾ ਨੂੰ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਇਸ ਮੰਤਵ ਨਾਲ ਇਕ ਗਤੀਸ਼ੀਲ ਵਿਧਿਅਕ ਵਿਵਸਥਾ ਸਥਾਪਤ ਕਰਨ ਲਈ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ, ਪੰਜਾਬ (ਮੈਗਸੀਪਾ) ਵੱਲੋਂ ਵਿਧਾਨ ਸਭਾ ਸਟੱਡੀ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ।

## ਟੀਚਾ (Mission)

ਵਿਧਾਨ ਸਭਾ ਸਟੱਡੀ ਸੈਂਟਰ ਦਾ ਟੀਚਾ ਵਿਧਾਨਕਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਵਿਚਾਰਕਾਂ ਅਤੇ ਆਮ ਜਨਤਾ ਵਿੱਚਕਾਰ ਸਮੀਖਿਆਤਮਿਕ ਕੜੀ ਦੇ ਤੌਰ ਤੇ ਇਕ ਵਿਦਿਅਕ ਫੋਰਮ ਪ੍ਰਦਾਨ ਕਰਨਾ ਹੈ। ਇਹ ਸੈਂਟਰ ਪ੍ਰਸ਼ਾਸਨ ਨੂੰ ਆਮ ਜਨਤਾ ਪ੍ਰਤੀ ਜੁਆਬ-ਦੇਹ ਬਣਾਉਣ ਦੇ ਤੌਰ ਤਰੀਕੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਵਿਵਹਾਰਕ ਹੱਲ ਪੇਸ਼ ਕਰਨ ਲਈ ਅਧਿਐਨ ਕਰੇਗਾ ਅਤੇ ਇਸ ਪ੍ਰਕ੍ਰਿਆ ਲਈ ਇਹ ਸੈਂਟਰ ਮੈਗਸੀਪਾ ਵਿਖੇ ਸਥਾਪਤ ਸਿਖਲਾਈ ਅਤੇ ਖੋਜ-ਅਧਿਐਨ ਦੇ ਵੱਖ ਵੱਖ ਵਿਸ਼ਾ ਕੇਂਦਰਾਂ ਦੀ ਸਹਾਇਤਾ ਲਵੇਗਾ।

ਨਾਲ ਹੀ ਇਹ ਸੈਂਟਰ ਵਿਧਾਨ ਸਭਾ ਦੇ ਕਾਰੋਬਾਰੀ ਸਮੇਂ ਦਾ ਪੂਰਾ ਅਤੇ ਲਾਹੇਵੰਦ ਉਪਯੋਗ ਕਰਨ ਲਈ ਖੋਜ, ਅਧਿਐਨ ਅਤੇ ਵਿਸ਼ਲੇਸ਼ਣ ਕਰਕੇ ਸੁਝਾਅ ਦੇਵੇਗਾ ਅਤੇ ਮੌਜੂਦਾ ਅਤੇ ਸਾਬਕਾ ਐਮ.ਐਲ.ਏ. ਸਾਹਿਬਾਨ ਵਿੱਚ ਲੋਕਨੀਤੀ, ਕਾਨੂੰਨ ਅਤੇ ਪ੍ਰਸ਼ਾਸਨ ਬਾਰੇ ਅਕਾਦਮਿਕ ਰੁਝਾਨ ਪੈਦਾ ਕਰੇਗਾ।

ਵਿਧਾਨ ਸਭਾ ਸਟੱਡੀ ਸੈਂਟਰ, ਮਾਨਯੋਗ ਸਪੀਕਰ, ਪੰਜਾਬ ਵਿਧਾਨ ਸਭਾ ਦੀ ਰਹਿਨੁਮਾਈ ਹੇਠ ਮੈਗਸੀਪਾ ਵਿਖੇ ਚੱਲ ਰਿਹਾ ਹੈ। ਇਸ ਸੈਂਟਰ ਨੇ "ਵਿਧਾਨਕਾਰਾਂ ਲਈ ਦਿਸ਼ਾ-ਨਿਰਧਾਰਣ ਵਰਕਸ਼ਾਪ" ਅਤੇ "ਰਾਜ-ਪ੍ਰਬੰਧ ਵਿੱਚ ਵਿਧਾਇਕ ਦੀ ਭੂਮਿਕਾ" ਬਾਰੇ ਮੈਗਸੀਪਾ ਵਿਖੇ ਦੋ ਪ੍ਰੋਗਰਾਮ ਕੀਤੇ ਹਨ, ਜਿਨ੍ਹਾਂ ਤੋਂ ਕਈ ਮਹੱਤਵਪੂਰਨ ਸਿੱਟੇ ਪ੍ਰਾਪਤ ਹੋਏ। ਇਹ ਸੈਂਟਰ ਜਲਦੀ ਹੀ ਰਾਜ-ਪ੍ਰਬੰਧ ਦੀ ਪ੍ਰਬੰਧਕ ਪ੍ਰਣਾਲੀ(Management system) ਵਿੱਚ ਕੁਸ਼ਲਤਾ ਲਿਆਉਣ ਲਈ ਵਿਚਾਰਕਾਂ ਦਾ ਇਕ ਸੈਮੀਨਾਰ ਕਰਵਾ ਰਿਹਾ ਹੈ।

## ਮਨੋਰਥ (Objects)

ਵਿਧਾਨ ਸਭਾ ਸਟੱਡੀ ਸੈਂਟਰ ਦੇ ਮਨੋਰਥ ਇਸ ਪ੍ਰਕਾਰ ਹਨ:

### ਭਾਗ (ੳ): ਜਨਰਲ

1. ਵਿਧਾਨਕਾਰਾਂ, ਲੋਕ-ਨੀਤੀਕਾਰਾਂ, ਲੋਕ ਪ੍ਰਸਾਸ਼ਨ ਦੇ ਮਾਹਿਰਾਂ ਅਤੇ ਵਿਚਾਰਕਾਂ ਅਤੇ ਹੋਰ ਜਨਤਕ ਆਗੂਆਂ ਵਿੱਚਕਾਰ ਲਾਹੇਵੰਦ ਸੰਵਾਦ ਦੀ ਵਿਵਸਥਾ ਕਰਨਾ।
2. ਮੌਜੂਦਾ ਅਤੇ ਸਾਬਕਾ ਐਮ. ਐਲ. ਏ. ਸਾਹਿਬਾਨ ਵਿੱਚ ਲੋਕਨੀਤੀ, ਕਾਨੂੰਨ ਅਤੇ ਪ੍ਰਸ਼ਾਸਨ ਬਾਰੇ ਅਕਾਦਮਿਕ ਰੁਝਾਨ ਪੈਦਾ ਕਰਨਾ।
3. ਵਿਧਾਨਕਾਰਾਂ ਨੂੰ ਇਸ ਸੰਸਥਾਨ ਵਿਖੇ ਸਥਾਪਿਤ ਵਿਸ਼ਾ ਕੇਂਦਰਾਂ ਦੁਆਰਾ ਕੀਤੇ ਗਏ ਅਧਿਐਨ ਅਤੇ ਸਿਖਲਾਈ ਸਬੰਧੀ ਜਾਣਕਾਰੀ ਉਪਲਬਧ ਕਰਨਾ।
4. ਲੋਕ-ਨੀਤੀ ਦੇ ਵਿਸ਼ਿਆਂ ਅਤੇ ਰਾਜ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਦਾ ਐਮ.ਐਲ.ਏ. ਸਾਹਿਬਾਨ ਦੀ ਜਾਣਕਾਰੀ ਹਿੱਤ ਵਿਸ਼ਲੇਸ਼ਣ ਕਰਨਾ ਅਤੇ ਉਪਯੋਗੀ ਸੁਝਾਅ ਲੈਣੇ ਤੇ ਦੇਣੇ।
5. ਸਰਕਾਰੀ ਪ੍ਰੋਗਰਾਮਾਂ ਅਤੇ ਨੀਤੀਆਂ ਬਾਰੇ ਐਮ. ਐਲ. ਏ. ਸਾਹਿਬਾਨ ਨੂੰ ਲੋੜੀਂਦੀ ਜਾਣਕਾਰੀ ਦੇਣੀ।
6. ਚੁਣੇ ਗਏ ਨਵੇਂ ਵਿਧਾਨਕਾਰਾਂ ਨੂੰ ਵਿਧਾਨ ਸਭਾ ਦੇ ਨਿਯਮਾਂ, ਕੰਮ-ਕਾਜ ਅਤੇ ਸੰਸਦੀ ਰਵਾਇਤਾਂ ਤੋਂ ਜਾਣੂ ਕਰਵਾਉਣਾ।

### ਭਾਗ (ਅ): ਅਧਿਐਨ ਸਬੰਧੀ

1. ਵਿਧਾਨ ਸਭਾ ਦੀਆਂ ਕਮੇਟੀਆਂ ਦੇ ਕੰਮ-ਕਾਜ ਦਾ ਅਧਿਐਨ ਕਰਕੇ ਉਸ ਨੂੰ ਲਾਹੇਵੰਦ ਬਣਾਉਣ ਲਈ ਸੁਝਾਅ ਦੇਣੇ।
2. ਵਿਧਾਨ ਸਭਾ ਦੇ ਕਾਰੋਬਾਰੀ ਸਮੇਂ ਦਾ ਪੂਰਾ ਅਤੇ ਲਾਹੇਵੰਦ ਉਪਯੋਗ ਕਰਨ ਲਈ ਖੋਜ, ਅਧਿਐਨ ਅਤੇ ਵਿਸ਼ਲੇਸ਼ਣ ਕਰਕੇ ਸੁਝਾਅ ਦੇਣੇ।
3. ਵਿਧਾਨ ਸਭਾ ਅਤੇ ਇਸ ਦੀਆਂ ਕਮੇਟੀਆਂ ਸਾਹਮਣੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨਾ।
4. ਸਮੇਂ ਦੀ ਮੰਗ ਅਨੁਸਾਰ ਨਵੇਂ ਵਿਸ਼ਿਆਂ ਤੇ ਕਾਨੂੰਨ, ਨਿਯਮ ਅਤੇ ਨੀਤੀਆਂ ਬਣਾਉਣ ਦੀ ਲੋੜ ਦਾ ਅਧਿਐਨ ਕਰਨ ਉਪਰੰਤ ਸੁਝਾਅ ਦੇਣੇ।
5. ਮੈਗਸੀਪਾ ਵਿਖੇ ਸਥਾਪਿਤ ਵਿਸ਼ਾ ਕੇਂਦਰਾਂ ਦੇ ਮੁਖੀਆਂ ਨੂੰ ਵਿਧਾਨ ਸਭਾ ਦੇ ਕੰਮ ਕਾਰ ਬਾਰੇ ਜਾਣੂ ਕਰਵਾਉਣਾ ਅਤੇ ਉਨ੍ਹਾਂ ਦਾ ਸਬੰਧਤ ਵਿਸ਼ਿਆਂ ਤੇ ਵਿਧਾਇਕਾਂ ਨਾਲ ਪ੍ਰਸਪਰ ਵਿਚਾਰ-ਵਟਾਂਦਰਾ ਕਰਵਾਉਣਾ।

## ਅਪੀਲ

1. ਇਸ ਸੈਂਟਰ ਵੱਲੋਂ ਮਹੱਤਵਪੂਰਨ ਲੋਕ-ਨੀਤੀ ਦੇ ਮੁੱਦਿਆਂ ਤੇ ਵਿਧਾਨਕਾਰਾਂ, ਲੋਕ-ਨੀਤੀਕਾਰਾਂ, ਲੋਕ ਪ੍ਰਸ਼ਾਸਨ ਦੇ ਮਾਹਿਰਾਂ ਅਤੇ ਹੋਰ ਆਗੂਆਂ ਵਿਚਕਾਰ ਇਕ ਸੈਮੀਨਾਰ ਆਯੋਜਿਤ ਕਰਵਾਉਣ ਦਾ ਵਿਚਾਰ ਹੈ। ਇਸ ਮੰਤਵ ਲਈ ਮਹੱਤਵਪੂਰਨ ਲੋਕ ਨੀਤੀ ਦੇ ਮੁੱਦਿਆਂ ਬਾਰੇ ਆਪ ਜੀ ਦੇ ਸੁਝਾਓ ਮੰਗੇ ਜਾਂਦੇ ਹਨ।
2. ਜੇਕਰ ਆਪ ਦੀ ਜਾਣਕਾਰੀ ਵਿੱਚ ਕੋਈ ਉੱਘਾ ਅਤੇ ਅਨੁਭਵੀ ਨੀਤੀਕਾਰ ਜਾਂ ਵਿਚਾਰਕ ਹੋਵੇ ਤਾਂ ਉਸ ਦਾ ਨਾਮ ਅਤੇ ਪਤਾ ਇਸ ਸੰਸਥਾਨ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਕਿ ਉਨ੍ਹਾਂ ਦਾ ਨਾਮ ਵਿਚਾਰਕਾਂ/ਨੀਤੀਵਾਨਾਂ/ਮਾਹਿਰਾਂ ਦੀ ਡਾਇਰੈਕਟਰੀ ਵਿੱਚ ਸ਼ਾਮਿਲ ਕੀਤਾ ਜਾ ਸਕੇ।
3. ਵਿਧਾਨ ਸਭਾ ਸਟੱਡੀ ਸੈਂਟਰ ਦੇ ਮਨੋਰਥਾਂ ਸਬੰਧੀ ਵੀ ਨਵੇਂ ਸੁਝਾਓ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

## January 2010

# ਰਾਜ ਪ੍ਰਬੰਧ ਦੀ ਪ੍ਰਬੰਧਕੀ ਪ੍ਰਣਾਲੀ (Management System) ਵਿੱਚ ਕੁਸ਼ਲਤਾ ਦੀ ਲੋੜ

ਰਾਜ ਪ੍ਰਬੰਧ ਦੀ ਪ੍ਰਬੰਧਕੀ ਪ੍ਰਣਾਲੀ ਵਿੱਚ ਲਗਾਤਾਰ ਸੁਧਾਰਾਂ ਦੀ ਲੋੜ ਰਹਿੰਦੀ ਹੈ। ਕੰਮ ਕਾਰ ਚਲਾਉਣ ਲਈ ਜੋ ਅੱਜ ਦੇ ਸਮੇਂ ਅਨੁਸਾਰ ਨਿਯਮ ਬਣਾਏ ਜਾਂਦੇ ਹਨ, ਕੁਝ ਸਾਲਾਂ ਬਾਅਦ ਇਹ ਇੰਨੇ ਕਾਰਗਰ ਨਹੀਂ ਰਹਿੰਦੇ, ਜਿੰਨੇ ਕਿ ਇਹ ਬਣਾਉਣ ਸਮੇਂ ਸਨ। ਬਦਲਦੇ ਸਮੇਂ ਦੇ ਨਾਲ ਨਾਲ ਪ੍ਰਬੰਧਕੀ ਪ੍ਰਣਾਲੀ ਵਿੱਚ ਵੀ ਸੁਧਾਰਾਂ ਦੀ ਲੋੜ ਰਹਿੰਦੀ ਹੈ, ਜਿਸ ਦੀ ਕਈ ਵਾਰ ਘਾਟ ਮਹਿਸੂਸ ਕੀਤੀ ਜਾਂਦੀ ਹੈ।

ਪ੍ਰਬੰਧਕੀ ਪ੍ਰਣਾਲੀ ਨੂੰ ਸਮੇਂ ਦੀ ਲੋੜ ਅਨੁਸਾਰ ਅਪਟੂਡੇਟ ਰੱਖਣ ਵਾਸਤੇ ਕਰਮਚਾਰੀਆਂ ਨੂੰ ਇਨ-ਸਰਵਿਸ ਟ੍ਰੇਨਿੰਗ ਦੀ ਵੀ ਲੋੜ ਹੁੰਦੀ ਹੈ ਪਰ ਆਮ ਤੌਰ ਤੇ ਇਹ ਨਹੀਂ ਦਿੱਤੀ ਜਾਂਦੀ। ਇਸ ਤਰ੍ਹਾਂ ਇਕ ਵਾਰ ਜਿਹੜਾ ਕਲਰਕ ਭਰਤੀ ਹੋ ਗਿਆ, ਉਸ ਨੂੰ ਜਾਪਦਾ ਹੈ ਕਿ ਉਸ ਨੇ ਅਗਲੀਆਂ ਪੌੜੀਆਂ ਅਰਥਾਤ ਸਹਾਇਕ, ਸੁਪਰਡੰਟ, ਅਧੀਨ ਸਕੱਤਰ ਆਦਿ ਆਪਣੇ ਆਪ ਹੀ ਸਮਾਂ ਆਉਣ ਤੇ ਚੜ੍ਹਦੇ ਜਾਣਾ ਹੈ ਅਤੇ ਉਸ ਨੂੰ ਇਸ ਲਈ ਕਾਰਜ ਕੁਸ਼ਲਤਾ ਦੀ ਜ਼ਿਆਦਾ ਲੋੜ ਨਹੀਂ ਹੈ। ਉਹ ਵਕਤ ਟਪਾਊ ਢੰਗ ਨਾਲ ਕੰਮ ਕਰਦਾ ਰਹਿੰਦਾ ਹੈ ਅਤੇ ਇਸੇ ਤਰ੍ਹਾਂ ਹੀ ਅਗਲੇ ਪਦ ਤੇ ਉਸ ਦੀ ਸੋਚ ਰਹਿੰਦੀ ਹੈ। ਇਸ ਤਰ੍ਹਾਂ ਚੰਗਾ ਕੰਮ ਕਰਨ ਵਾਲੇ ਜਾਂ ਮਾੜਾ ਕੰਮ ਕਰਨ ਵਾਲੇ ਵਿੱਚ ਕੋਈ ਫਰਕ ਨਹੀਂ ਰਹਿੰਦਾ ਸਗੋਂ ਚੰਗਾ ਕੰਮ ਕਰਨ ਵਾਲੇ ਨੂੰ ਉਸ ਦੇ ਸਾਥੀ ਨਿਰ-ਉਤਸ਼ਾਹਿਤ ਕਰਦੇ ਰਹਿੰਦੇ ਹਨ ਕਿ ਵਧੀਆ ਕੰਮ ਕਰਨ ਨਾਲ ਉਸ ਨੂੰ ਕੀ ਮਿਲਦਾ ਹੈ? ਉਨ੍ਹਾਂ ਦਾ ਅੰਤਰੀਵ ਭਾਵ ਇਹੋ ਹੀ ਹੁੰਦਾ ਹੈ ਕਿ ਜਦ ਕੋਈ ਚੰਗਾ ਕੰਮ ਕਰੇਗਾ ਤਾਂ ਕੰਮ-ਚੋਰ ਕਰਮਚਾਰੀਆਂ ਦਾ ਪ੍ਰਭਾਵ ਹੋਰ ਮਾੜਾ ਹੋ ਜਾਵੇਗਾ। ਇਸ ਲਈ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਅੱਛਾ ਕੰਮ ਕਰਨ ਵਾਲੇ ਨੂੰ ਦੂਸਰੇ ਕਰਮਚਾਰੀ ਅਕਸਰ ਚਿੜ੍ਹਾਉਂਦੇ ਹੀ ਰਹਿੰਦੇ ਹਨ।

> ਮੌਜੂਦਾ ਪ੍ਰਬੰਧਕੀ ਪ੍ਰਣਾਲੀ ਬਹੁਤ ਪੇਚੀਦਾ ਅਤੇ ਸਖਤ ਹੈ। ਇਸ ਵਿੱਚ ਨਿਪੁੰਨ ਕਰਮਚਾਰੀ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਅਤੇ ਅਨਿਪੁੰਨ ਕਰਮਚਾਰੀ ਨੂੰ ਨਿਰਾਸ਼ ਨਹੀਂ ਕੀਤਾ ਜਾਂਦਾ। ਯੋਗ ਕਰਮਚਾਰੀ ਨੂੰ ਉਤਸ਼ਾਹਿਤ ਕਰਨ ਅਤੇ ਮਾਨਤਾ ਦੇਣ ਲਈ ਮੁਲਅੰਕਣ ਪ੍ਰਣਾਲੀ ਤੇ ਅਧਾਰਿਤ ਹਦਾਇਤਾਂ ਅਤੇ ਨਿਯਮਾਂ ਵਿੱਚ ਕੁਝ ਤਬਦੀਲੀਆਂ ਕੀਤੀਆਂ ਜਾਣੀਆਂ ਲੋੜੀਂਦੀਆਂ ਹਨ ਤਾਂਕਿ ਪ੍ਰਬੰਧਕੀ ਪ੍ਰਣਾਲੀ ਵਿੱਚ ਕੁਸ਼ਲਤਾ (efficiency) ਵੱਧ ਸਕੇ।

ਉਪਰੋਕਤ ਰੁਚੀ ਨੂੰ ਰੋਕਣ ਵਾਸਤੇ ਅੱਛਾ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਕਰਮਚਾਰੀਆਂ ਨੂੰ ਤਰੱਕੀ ਉਨ੍ਹਾਂ ਦੇ ਕੰਮ ਦਾ ਮੁਲਅੰਕਣ ਕਰਕੇ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਕਰਮਚਾਰੀਆਂ ਦੇ ਹਰ ਵਰਗ ਵਿੱਚ ਕੁਝ ਪੜਾਅ ਰੱਖਣੇ ਚਾਹੀਦੇ ਹਨ, ਜਿਨ੍ਹਾਂ ਨੂੰ ਪਾਰ ਕਰਨ ਲਈ ਇਨ-ਸਰਵਿਸ ਟ੍ਰੇਨਿੰਗ ਵੀ ਜ਼ਰੂਰੀ ਕਰਨੀ ਚਾਹੀਦੀ ਹੈ ਅਤੇ ਇਹ ਪੜਾਅ ਪਾਰ ਕਰਨ ਵਾਲੇ ਨੂੰ ਕੁਝ ਮਾਇਕ ਉਤਸ਼ਾਹ ਵੀ ਦੇਣਾ ਚਾਹੀਦਾ ਹੈ। ਕਰਮਚਾਰੀਆਂ ਦੇ ਕੰਮ ਦਾ ਮੁਲਅੰਕਣ ਕਰਕੇ ਵੱਖ ਵੱਖ ਕੈਟੇਗਰੀਜ਼ ਬਣਾਉਣੀਆਂ ਚਾਹੀਦੀਆਂ ਹਨ ਅਰਥਾਤ ੳ, ਅ ਅਤੇ ੲ ਆਦਿ। ਮਿਸਾਲ ਦੇ ਤੌਰ ਤੇ ੳ ਕੈਟੇਗਰੀ ਨੂੰ ਉਨ੍ਹਾਂ ਦੀ ਸਾਲਾਨਾ ਤਰੱਕੀ ਬੇਸਿਕ ਤਨਖਾਹ ਦੀ 4%, ਅ ਕੈਟੇਗਰੀ ਵਾਲਿਆਂ ਨੂੰ 3%, ੲ ਕੈਟੇਗਰੀ ਵਾਲਿਆਂ ਨੂੰ 2% ਅਤੇ ਜੋ ਉਪਰੋਕਤ ਰੇਟਿੰਗ ਵਿੱਚ ਨਹੀਂ ਆਉਂਦੇ, ਉਨ੍ਹਾਂ ਨੂੰ ਸਾਲਾਨਾ ਤਰੱਕੀ ਤੋਂ ਵਾਂਝਿਆਂ ਰੱਖਿਆ ਜਾਵੇ। ਇਸ ਨਾਲ ਹਰ ਕਰਮਚਾਰੀ ਅਗਲੇ ਸਾਲ ਹੋਰ ਉਪਰ ਵਾਲੀ ਕੈਟੇਗਰੀ ਵਿੱਚ ਆਉਣ ਦੀ ਕੋਸ਼ਿਸ਼ ਕਰਦਾ ਹੋਇਆ ਆਪਣੇ ਕੰਮ ਕਾਰ ਵਿੱਚ ਸੁਧਾਰ ਲਿਆਵੇਗਾ ਤਾਂ ਕਿ ਉਹ ਅੱਗੇ ਤੋਂ ਵਧੀਆ ਕੈਟੇਗਰੀ ਵਿੱਚ ਆ ਸਕੇ।

ਅਜਿਹੀਆਂ ਕੈਟੇਗਰੀਆਂ ਬਣਾਉਣ ਨਾਲ ਕਈ ਵਾਰੀ ਇਮਾਨਦਾਰ ਕਰਮਚਾਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਮਿਲਦਾ ਪ੍ਰੰਤੂ ਚਾਪਲੂਸ ਕਰਮਚਾਰੀ ਆਪਣੇ ਬਣਦੇ ਹੱਕ ਤੋਂ ਵੱਧ ਲਾਭ ਪ੍ਰਾਪਤ ਕਰ ਜਾਂਦੇ ਹਨ। ਇਸ ਲਈ ਕੰਮ ਦੇ ਆਧਾਰ ਤੇ ਵਰਗੀਕਰਨ ਕਰਦੇ ਸਮੇਂ ਅਧਿਕਾਰੀਆਂ ਉਪਰ ਵੀ ਕਰੜੀ ਨਜ਼ਰ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਦੇ ਬਣਦੇ ਹੱਕ ਨੂੰ ਇਸ ਲਈ ਨਾਂ ਰੋਕੀ ਰੱਖਣ ਕਿ ਕਰਮਚਾਰੀ ਕੰਮ ਤਾਂ ਵਧੀਆ ਕਰਦਾ ਹੈ ਪਰ ਉਨ੍ਹਾਂ ਦੀ ਚਾਪਲੂਸੀ ਨਹੀਂ ਕਰਦਾ ਜਾਂ ਕਰਮਚਾਰੀ ਅੱਛਾ ਕੰਮ ਕਰਨ ਦੇ ਸਮਰੱਥ ਤਾਂ ਨਹੀਂ ਹੈ ਪਰ ਜੀ ਹਜੂਰ ਤਾਂ ਹੈ, ਇਸ ਲਈ ਉਸ ਨੂੰ ਬਣਦੀ ਕੈਟੇਗਰੀ ਤੋਂ ਵੱਧ ਲਾਭ ਦੇ ਦਿੰਦੇ ਹਨ। ਜੇਕਰ ਅਜਿਹੇ ਕੇਸ ਸੀਨੀਅਰ ਅਧਿਕਾਰੀ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਹ ਗਲਤ ਵਰਗੀਕਰਨ ਕਰਨ ਵਾਲੇ ਅਧਿਕਾਰੀ ਦੀ ਸਾਲਾਨਾ ਰਿਪੋਰਟ ਵਿੱਚ ਆਪਣੀ ਟਿੱਪਣੀ ਦੇਵੇ, ਜਿਸ ਨਾਲ ਅਜਿਹੇ ਅਧਿਕਾਰੀ ਨੂੰ ਗਲਤ ਵਰਗੀਕਰਨ ਕਰਨ ਲਈ ਖਾਮਿਆਜ਼ਾ ਭੁਗਤਣਾ ਪਵੇ।

ਵਰਤਮਾਨ ਸਮੇਂ ਜੋ ਸਾਲਾਨਾ ਗੁਪਤ ਰਿਪੋਰਟ ਲਿਖੀ ਜਾਂਦੀ ਹੈ, ਉਹ ਕੇਵਲ ਇਕ ਰਸਮੀ ਕਾਰਵਾਈ ਵਜੋਂ ਹੀ ਲਿਖੀ ਜਾਂਦੀ ਹੈ ਅਤੇ ਉਸ ਦਾ ਚੰਗੀ ਜਾਂ ਮਾੜੀ ਦਾ ਬਹੁਤਾ ਅਸਰ ਨਹੀਂ ਪੈਂਦਾ। ਅਜਿਹੀ ਸਾਲਾਨਾ ਗੁਪਤ ਰਿਪੋਰਟ ਵਿੱਚ ਵਧੀਆ ਕੰਮ ਕਰਨ ਵਾਲੇ ਨੂੰ ਕੋਈ ਉਤਸ਼ਾਹ ਨਹੀਂ ਦਿੱਤਾ ਜਾਂਦਾ, ਜਿਸ ਨਾਲ ਉਸ ਦਾ ਮਨੋਬਲ ਪ੍ਰਭਾਵਤ ਹੁੰਦਾ ਹੈ। ਵਰਗੀਕਰਨ ਵਿੱਚ ਕੰਮ ਕਾਰ ਦੀ ਮਾੜੀ ਰਿਪੋਰਟ ਵਾਲਿਆਂ ਤੇ ਤਾਂ ਕੁਝ ਐਕਸ਼ਨ ਹੁੰਦਾ ਹੈ, ਪਰ ਨਾਲਾਇਕ ਕਰਮਚਾਰੀਆਂ ਨੂੰ ਵਧੀਆ ਰਿਪੋਰਟ ਦੇਣ ਵਾਲੇ ਅਧਿਕਾਰੀਆਂ ਤੇ ਕੋਈ ਐਕਸ਼ਨ ਨਹੀਂ ਹੁੰਦਾ।

ਇਸ ਕਰਕੇ ਮੌਜੂਦਾ ਸਾਲਾਨਾ ਗੁਪਤ ਰਿਪੋਰਟ ਸਿਸਟਮ ਨੂੰ ਬਦਲਣ ਦੀ ਲੋੜ ਹੈ। ਇਸ ਦੀ ਥਾਂ ਤੇ ਕਰਮਚਾਰੀ ਦੇ ਕੰਮ ਕਾਰ ਸਬੰਧੀ ਤੁਲਨਾਤਮਿਕ ਪ੍ਰਣਾਲੀ ਲਾਗੂ ਕੀਤੀ ਜਾਣੀ ਚਾਹੀਦੀ ਹੈ ਅਰਥਾਤ ਸੇਵਾ ਨਿਯਮਾਂ ਜਾਂ ਸਰਕਾਰੀ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਲੋੜੀਂਦੀ ਤਬਦੀਲੀ ਕਰਨੀ ਚਾਹੀਦੀ ਹੈ, ਜਿਸ ਨਾਲ ਕਰਮਚਾਰੀ ਦੁਆਰਾ ਕੀਤੇ ਗਏ ਕੰਮ ਕਾਰ ਨੂੰ ਮੁੱਖ ਰੱਖ ਕੇ ਹੀ ਉਸ ਨੂੰ ਸਾਲਾਨਾ ਤਰੱਕੀ ਜਾਂ ਪਦ-ਉਨਤੀ ਦਿੱਤੀ ਜਾਵੇ।

ਉਪਰੋਕਤ ਤੁਲਨਾਤਮਕ ਪ੍ਰਣਾਲੀ ਕਿਹੋ ਜਿਹੀ ਹੋਵੇ, ਇਸ ਤੇ ਪ੍ਰਸ਼ਾਸਕਾਂ, ਵਿਚਾਰਕਾਂ, ਲੋਕ ਨੀਤੀਵਾਨਾਂ ਅਤੇ ਹੋਰ ਸੁਧਾਰਕਾਂ ਤੋਂ ਸੁਝਾਓ ਮੰਗੇ ਜਾਂਦੇ ਹਨ ਤਾਂ ਕਿ ਇਸ ਤੇ ਹੋਰ ਵਿਚਾਰ-ਵਟਾਂਦਰੇ ਲਈ ਵਿਧਾਨ ਸਭਾ ਸਟੱਡੀ ਸੈਂਟਰ ਦੁਆਰਾ ਕਿਸੇ ਗੋਸ਼ਟੀ ਦਾ ਪ੍ਰਬੰਧ ਕੀਤਾ ਜਾ ਸਕੇ।

*Contact: Shri B. S. Dhillon; bsdhillon@mgsipap.org Ph: 0172-2793588 Ext:512*

## February 2010



# ਵਿਧਾਨਕਾਰ ਅਤੇ ਲੋਕ-ਨੀਤੀ

**ਨਿਰਮਲ ਸਿੰਘ ਕਾਹਲੋਂ**
**ਸਪੀਕਰ, ਪੰਜਾਬ ਵਿਧਾਨ ਸਭਾ**

ਆਮ ਲੋਕਾਂ ਵਿੱਚ ਵਿਚਰਦੇ ਹੋਏ ਵਿਧਾਨਕਾਰਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਦਾ ਪਤਾ ਲੱਗਦਾ ਰਹਿੰਦਾ ਹੈ ਕਿ ਲੋਕਾਂ ਦੀ ਲੋੜ ਕੀ ਹੈ, ਕਿਸ ਤਰ੍ਹਾਂ ਦੇ ਕਾਨੂੰਨ ਜਾਂ ਪ੍ਰੋਗਰਾਮ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਸੁਖਾਵਾਂ ਬਣਾਉਣ ਵਿੱਚ ਸਹਾਈ ਹੋ ਸਕਦੇ ਹਨ। ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਨੇੜੇ ਤੋਂ ਵੇਖਦੇ ਹਨ ਅਤੇ ਉਨ੍ਹਾਂ ਦੇ ਵਿਵਹਾਰਕ ਹੱਲ ਲਈ ਰਾਜ ਪ੍ਰਬੰਧ ਨੂੰ ਸਮੇਂ ਸਮੇਂ ਤੇ ਸੁਚੇਤ ਕਰਦੇ ਰਹਿੰਦੇ ਹਨ। ਸਰਕਾਰ ਦੁਆਰਾ ਦਿੱਤੇ ਗਏ ਚੰਗੇ ਜਾਂ ਮਾੜੇ ਹੁੰਗਾਰੇ ਤੋਂ ਜਨਤਾ ਨੂੰ ਜਾਣੂ ਕਰਵਾਉਂਦੇ ਹਨ ਅਤੇ ਰਾਜ-ਪ੍ਰਬੰਧ ਅਤੇ ਆਮ ਲੋਕਾਂ ਵਿੱਚਕਾਰ ਇਕ ਪੁੱਲ ਜਾਂ ਕੜੀ ਦਾ ਕੰਮ ਕਰਦੇ ਹਨ।

ਵਿਧਾਨਕਾਰ ਲੋਕ-ਨੀਤੀ ਦੇ ਮੁੱਦਿਆਂ ਨੂੰ ਮੀਡੀਆ ਅਤੇ ਕਾਨਫਰੰਸਾਂ ਰਾਹੀਂ ਉਠਾਉਂਦੇ ਹਨ। ਵਿਧਾਨ ਸਭਾ ਵਿੱਚ ਪ੍ਰਸ਼ਨ ਪੁੱਛ ਕੇ ਜਾਂ ਧਿਆਨ ਦਿਵਾਊ ਨੋਟਿਸ ਰਾਹੀਂ ਵੀ ਅਜਿਹੇ ਮੁੱਦਿਆਂ ਵੱਲ ਸਰਕਾਰ ਦਾ ਧਿਆਨ ਆਕਰਸ਼ਤ ਕਰਦੇ ਹਨ। ਸਦਨ ਵਿੱਚ ਮਤੇ ਲਿਆ ਕੇ ਉਨ੍ਹਾਂ ਤੇ ਚਰਚਾ ਕਰਦੇ ਹਨ। ਰਾਜਪਾਲ ਦੇ ਭਾਸ਼ਣ ਅਤੇ ਬਜਟ ਤੇ ਆਮ ਬਹਿਸ ਦੌਰਾਨ ਵੀ ਵਿਧਾਨਕਾਰ ਲੋਕਾਂ ਦੀਆਂ ਸਮੱਸਿਆਵਾਂ ਉਠਾਉਂਦੇ ਹਨ।

ਪਿੱਛਲੇ ਕੁਝ ਸਮੇਂ ਤੋਂ ਮੇਰਾ ਵਿਚਾਰ ਸੀ ਕਿ ਵਿਧਾਨਕਾਰਾਂ ਨੂੰ ਵਿਧਾਨ ਸਭਾ ਵਿੱਚ ਲੋਕ-ਨੀਤੀ ਅਤੇ ਪ੍ਰਸ਼ਾਸਨ ਦੇ ਮੁੱਦੇ ਉਠਾਉਣ ਸਬੰਧੀ ਟ੍ਰੇਨਿੰਗ ਦਾ ਪ੍ਰਬੰਧ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ, ਪੰਜਾਬ(ਮੈਗਸੀਪਾ) ਵਿਖੇ ਇਕ ਵਿਧਾਨ ਸਭਾ ਸਟੱਡੀ ਸੈਂਟਰ ਸਥਾਪਤ ਕਰਕੇ ਕੀਤਾ ਜਾਵੇ। ਇਸ ਸੈਂਟਰ ਵੱਲੋਂ ਮਿਤੀ 22 ਅਤੇ 23 ਸਿਤੰਬਰ, 2009 ਨੂੰ ਵਿਧਾਨਕਾਰਾਂ ਲਈ ਦਿਸ਼ਾ-ਨਿਰਧਾਰਣ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜੋ ਕਿ ਬਹੁਤ ਹੀ ਸਫਲ ਰਿਹਾ।

ਵਿਧਾਨ ਸਭਾ ਸਟੱਡੀ ਸੈਂਟਰ ਦਾ ਮੁੱਖ ਟੀਚਾ ਵਿਧਾਨਕਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਵਿਚਾਰਕਾਂ ਅਤੇ ਆਮ ਜਨਤਾ ਵਿੱਚਕਾਰ ਸਮੀਖਿਆਤਮਿਕ ਕੜੀ ਦੇ ਤੌਰ ਤੇ ਇਕ ਵਿਦਿਅਕ ਫੋਰਮ ਪ੍ਰਦਾਨ ਕਰਨਾ ਹੈ। ਇਹ ਸੈਂਟਰ ਪ੍ਰਸ਼ਾਸਨ ਨੂੰ ਆਮ ਜਨਤਾ ਪ੍ਰਤੀ ਜਵਾਬ-ਦੇਹ ਬਣਾਉਣ ਦੇ ਤੌਰ ਤਰੀਕੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਵਿਵਹਾਰਕ ਹੱਲ ਪੇਸ਼ ਕਰਨ ਲਈ ਅਧਿਐਨ ਕਰੇਗਾ ਅਤੇ ਇਸ ਪ੍ਰਕ੍ਰਿਆ ਲਈ ਇਹ ਸੈਂਟਰ ਮੈਗਸੀਪਾ ਵਿਖੇ ਸਥਾਪਤ ਸਿਖਲਾਈ ਅਤੇ ਖੋਜ ਅਧਿਐਨ ਦੇ ਵੱਖ ਵੱਖ ਵਿਸ਼ਾ ਕੇਂਦਰਾਂ ਦੀ ਸਹਾਇਤਾ ਲਵੇਗਾ। ਇਸ ਤੋਂ ਇਲਾਵਾ ਚੁਣੇ ਗਏ ਨਵੇਂ ਵਿਧਾਨਕਾਰਾਂ ਨੂੰ ਵਿਧਾਨ ਸਭਾ ਦੇ ਨਿਯਮਾਂ, ਕੰਮ-ਕਾਜ ਅਤੇ ਸੰਸਦੀ ਰਵਾਇਤਾਂ ਤੋਂ ਜਾਣੂ ਕਰਵਾਉਣ ਲਈ ਵਰਕਸ਼ਾਪ ਦਾ ਆਯੋਜਨ ਕਰੇਗਾ।

ਵਿਧਾਨ ਸਭਾ ਸਟੱਡੀ ਸੈਂਟਰ ਵੱਲੋਂ ਵਿਧਾਨਕਾਰਾਂ ਅਤੇ ਕੁਝ ਚੋਣਵੇਂ ਸਾਬਕਾ ਵਿਧਾਨਕਾਰਾਂ ਨੂੰ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਲੋਕ-ਨੀਤੀ ਅਤੇ ਪ੍ਰਸ਼ਾਸਨ ਸਬੰਧੀ ਮਹੱਤਵਪੂਰਣ ਵਿਸ਼ਿਆਂ ਤੇ ਆਪਣੇ ਵਿਚਾਰ ਲਿੱਖ ਕੇ ਇਸ ਸਟੱਡੀ ਸੈਂਟਰ ਨੂੰ ਭੇਜਣ ਤਾਂ ਕਿ ਨੀਤੀ ਮੁਲਾਂਕਣ ਅਤੇ ਪ੍ਰਸ਼ਾਸਨ ਸੁਧਾਰ ਦੀਆਂ ਸੰਭਾਵਨਾਵਾਂ ਬਾਰੇ ਵਿਧਾਨਕਾਰਾਂ ਅਤੇ ਹੋਰ ਅਨੁਭਵੀ ਵਿਚਾਰਕਾਂ ਨਾਲ ਵਿਚਾਰ-ਵਟਾਂਦਰਾ ਗੋਸ਼ਟੀ (ਸੈਮੀਨਾਰ) ਆਯੋਜਿਤ ਕੀਤੀ ਜਾ ਸਕੇ। ਉਨ੍ਹਾਂ ਦੁਆਰਾ ਭੇਜੇ ਗਏ ਵੇਰਵੇ ਅਨੁਸਾਰ, ਅਤੇ ਜੇ ਲੋੜੀਂਦਾ ਹੋਇਆ ਤਾਂ ਉਨ੍ਹਾਂ ਦੀ ਇੰਟਰਵਿਊ ਕਰਕੇ, ਮੈਗਸੀਪਾ ਦੇ ਨਿਊਜ਼ਲੈਟਰ ਵਿੱਚ ਜਾਂ ਵੱਖਰੀ ਪੁੱਸਤਕ ਦੇ ਰੂਪ ਵਿੱਚ ਛਪਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਤਰ੍ਹਾਂ ਇਹ ਸੰਸਥਾਨ ਉਨ੍ਹਾਂ ਦੇ ਤਜਰਬੇ ਤੋਂ ਲਾਭ ਉਠਾ ਸਕੇਗਾ।

ਮੈਂ ਸਾਰੇ ਵਿਧਾਨਕਾਰਾਂ, ਸਾਬਕਾ ਵਿਧਾਨਕਾਰਾਂ, ਜਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ, ਜਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਮੈਨਾਂ ਅਤੇ ਨਗਰ ਨਿਗਮਾਂ ਦੇ ਮੇਅਰਾਂ ਨੂੰ ਇਹ ਅਪੀਲ ਕਰਦਾ ਹਾਂ ਕਿ ਉਹ ਲੋਕ-ਨੀਤੀ ਵਿਸ਼ਿਆਂ ਬਾਰੇ ਜਾਂ ਸਮਾਜ ਨਾਲ ਸਬੰਧਤ ਕਿਸੇ ਵੀ ਮਹੱਤਵਪੂਰਣ ਵਿਸ਼ੇ ਤੇ ਆਪਣੇ ਵਿਚਾਰ ਲਿੱਖ ਕੇ ਵਿਧਾਨ ਸਭਾ ਸਟੱਡੀ ਸੈਂਟਰ ਨੂੰ ਭੇਜਣ ਦੀ ਖੇਚਲ ਕਰਨ ਤਾਂ ਕਿ ਵਿਧਾਨ ਸਭਾ ਸਟੱਡੀ ਸੈਂਟਰ ਇਨ੍ਹਾਂ ਵਿਸ਼ਿਆਂ ਤੇ ਸੈਮੀਨਾਰ ਦਾ ਪ੍ਰਬੰਧ ਕਰ ਸਕੇ।

**(ਨਿਰਮਲ ਸਿੰਘ ਕਾਹਲੋਂ)**

ਵਿਧਾਨ ਸਭਾ ਸਟੱਡੀ ਸੈਂਟਰ
E-mail:vssc@mgsipap.org Ph:0172-2793588 Ext:512

## March 2010

# ਵਿਧਾਨ ਸਭਾ ਸਟੱਡੀ ਸੈਂਟਰ

## ਨੀਤੀ-ਮੁੱਦਿਆਂ ਤੇ ਸੈਮੀਨਾਰ



ਸ਼੍ਰੀ ਬੀ. ਕੇ. ਸ਼੍ਰੀਵਾਸਤਵਾ, ਆਈ.ਏ.ਐਸ.,ਡਾਇਰੈਕਟਰ ਜਨਰਲ, ਮੈਗਸੀਪਾ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ

ਵਿਧਾਨਕਾਰਾਂ ਅਤੇ ਹੋਰ ਲੋਕ ਪ੍ਰਤੀਨਿੱਧੀਆਂ ਨੂੰ ਆਪਣੇ ਇਲਾਕੇ ਵਿੱਚ ਸਮਾਜਿਕ ਅਤੇ ਹੋਰ ਰੁਝੇਵਿਆਂ ਕਾਰਨ ਨੀਤੀ ਵਿਸ਼ਿਆਂ ਦਾ ਅਧਿਐਨ ਕਰਨ ਦਾ ਸਮਾਂ ਨਹੀਂ ਮਿਲਦਾ, ਇਸ ਲਈ ਵਿਧਾਨ ਸਭਾ ਸਟੱਡੀ ਸੈਂਟਰ ਨੇ ਰੀਜਨਲ ਪੱਧਰ ਅਤੇ ਜਿਲ੍ਹਾ ਪੱਧਰ ਤੇ ਨੀਤੀ ਵਿਸ਼ਿਆਂ ਤੇ ਸੈਮੀਨਾਰ ਆਯੋਜਿਤ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਇਸ ਸੰਦਰਭ ਵਿੱਚ ਰੀਜਨਲ ਸੈਂਟਰ, ਮੈਗਸੀਪਾ, ਜਲੰਧਰ ਵਿਖੇ ਵਿਧਾਨ ਸਭਾ ਸਟੱਡੀ ਸੈਂਟਰ ਵੱਲੋਂ 23 ਫਰਵਰੀ, 2010 ਨੂੰ **"ਗਰੀਬੀ ਘਟਾਉਣ ਲਈ ਪ੍ਰਭਾਵਸ਼ਾਲੀ ਉਪਾਓ"** ਅਤੇ "ਸਰਕਾਰੀ ਕਰਮਚਾਰੀਆਂ ਦੀ ਪ੍ਰਬੰਧਕੀ ਪ੍ਰਣਾਲੀ ਵਿੱਚ ਕਾਰਜ-ਕੁਸ਼ਲਤਾ" ਸਬੰਧੀ ਵਿਸ਼ਿਆਂ ਤੇ ਪਹਿਲਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜਲੰਧਰ ਡਵੀਜ਼ਨ ਦੇ ਐਮ.ਐਲ.ਏਜ਼, ਕੁਝ ਸਾਬਕਾ ਐਮ.ਐਲ.ਏਜ਼, ਜਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ, ਨਗਰ ਨਿੱਗਮਾਂ ਦੇ ਮੇਅਰ ਅਤੇ ਕੁਝ ਮੀਡੀਆ ਪ੍ਰਤੀ-ਨਿਧੀ ਬੁਲਾਏ ਗਏ ਸਨ।

ਗਰੀਬੀ ਘਟਾਉਣ ਦੇ ਵਿਸ਼ੇ ਦੀ ਜਾਣ ਪਹਿਚਾਣ ਸ਼੍ਰੀ ਬੀ. ਕੇ. ਸ਼੍ਰੀਵਾਸਤਵਾ, ਡਾਇਰੈਕਟਰ ਜਨਰਲ, ਮੈਗਸੀਪਾ ਨੇ ਕਰਵਾਈ ਅਤੇ ਵਿਸਥਾਰ-ਪੂਰਵਕ ਵਿਚਾਰ ਪ੍ਰਗਟ ਕੀਤੇ। ਉਪਰੰਤ ਨਿਮਨ ਲਿਖਤ ਵਿਅਕਤੀਆਂ ਨੇ ਉਪਰੋਕਤ ਮੁੱਦੇ ਤੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ:

1. ਸ਼੍ਰੀ ਸਤਨਾਮ ਸਿੰਘ ਕੈਂਥ, ਸਾਬਕਾ ਐਮ. ਪੀ.
2. ਸ਼੍ਰੀ ਰਾਮ ਕਿਸ਼ਨ ਕਟਾਰੀਆ, ਸਾਬਕਾ ਐਮ. ਐਲ. ਏ.
3. ਸ਼੍ਰੀ ਰਾਕੇਸ਼ ਰਾਠੌਰ, ਮੇਅਰ, ਨਗਰ ਨਿਗਮ, ਜਲੰਧਰ
4. ਸ: ਸੁੱਖਦੇਵ ਸਿੰਘ ਸ਼ਾਹਬਾਜ਼ਪੁਰੀ, ਸਾਬਕਾ ਐਮ. ਐਲ. ਏ.
5. ਸ਼੍ਰੀ ਰਾਜਿੰਦਰ ਕੁਮਾਰ, ਚੇਅਰਮੈਨ, ਜਿਲ੍ਹਾ ਪ੍ਰੀਸ਼ਦ, ਅੰਮ੍ਰਿਤਸਰ
6. ਸ: ਮਾਹਲਾ ਸਿੰਘ, ਚੇਅਰਮੈਨ, ਜਿਲ੍ਹਾ ਪ੍ਰੀਸ਼ਦ, ਜਲੰਧਰ
7. ਸ: ਜਗਤਾਰ ਸਿੰਘ ਮੁਲਤਾਨੀ, ਸਾਬਕਾ ਐਮ. ਐਲ. ਏ.
8. ਚੌਧਰੀ ਦਰਸ਼ਨ ਲਾਲ ਮੰਗੂਪੁਰ, ਚੇਅਰਮੈਨ, ਜਿਲ੍ਹਾ ਪ੍ਰੀਸ਼ਦ, ਸ਼ਹੀਦ ਭਗਤ ਸਿੰਘ ਨਗਰ
9. ਸ: ਸੁੱਚਾ ਸਿੰਘ ਚੌਹਾਨ, ਚੇਅਰਮੈਨ, ਜਿਲ੍ਹਾ ਪ੍ਰੀਸ਼ਦ, ਕਪੂਰਥਲਾ।

ਅਗਰ ਗਰੀਬ ਨੂੰ ਇਕ ਦਿਨ ਦੀ ਰੋਟੀ ਦੇਣੀ ਹੈ ਤਾਂ ਉਸ ਨੂੰ ਇਕ ਕਿੱਲੋ ਮੱਛੀ ਦੇ ਦਿਓ, ਅਗਰ ਕਿਸੇ ਨੂੰ ਲੰਮੇ ਸਮੇਂ ਦੀ ਰੋਟੀ ਦੇਣੀ ਹੈ ਤਾਂ ਉਸ ਨੂੰ ਮੱਛੀ ਪਕੜਨਾ ਸਿਖਾ ਦਿਓ। ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਦੱਸਵੀਂ ਜਮਾਤ ਤੋਂ ਬਾਅਦ ਕਿੱਤਾ ਮੁੱਖੀ ਕੋਰਸਾਂ ਦੁਆਰਾ ਸਿਖਲਾਈ ਦੇ ਕੇ ਸਵੈ-ਰੋਜ਼ਗਾਰ ਚਲਾਉਣ ਦੇ ਸਮਰੱਥ ਬਣਾਉਣਾ ਚਾਹੀਦਾ ਹੈ।

ਹੇਠ ਲਿਖੇ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ।

### ਗਰੀਬੀ ਹਟਾਉਣਾ

- ਗਰੀਬੀ ਘਟਾਉਣ ਵਿੱਚ ਵਿਦਿਆ ਦਾ ਬਹੁਤ ਮਹੱਤਵਪੂਰਣ ਯੋਗਦਾਨ ਹੈ। ਜੇਕਰ ਲੋਕਾਂ ਨੂੰ ਵਧੀਆ ਕਿਸਮ ਦੀ ਵਿਦਿਆ ਦਿੱਤੀ ਜਾਵੇ ਤਾਂ ਉਹ ਆਪਣਾ ਰੋਜ਼ਗਾਰ ਲੱਭਣ ਵਿੱਚ ਸਫਲ ਹੋ ਸਕਦੇ ਹਨ।
- ਜੇਕਰ ਸਿਹਤ ਸੇਵਾਵਾਂ ਗਰੀਬ ਲੋਕਾਂ ਨੂੰ ਠੀਕ ਢੰਗ ਨਾਲ ਮੁਹੱਈਆ ਕੀਤੀਆਂ ਜਾਣ ਤਾਂ ਇਹ ਵੀ ਗਰੀਬੀ ਘਟਾਉਣ ਵਿੱਚ ਕਾਫੀ ਸਹਾਈ ਹੋਵੇਗਾ।
- ਵੱਖ ਵੱਖ ਖੇਤਰਾਂ ਵਿੱਚ ਵੱਖ ਵੱਖ ਢੰਗ ਨਾਲ ਗਰੀਬੀ ਨੂੰ ਘਟਾਇਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਕੰਡੀ ਖੇਤਰ ਦੇ ਲੋਕ ਦੁੱਧ ਵਾਲੇ ਪਸ਼ੂ ਆਦਿ ਰੱਖ ਕੇ ਆਪਣਾ ਅੱਛਾ ਗੁਜਾਰਾ ਕਰ ਸਕਦੇ ਹਨ।
- ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਦਾ ਨਵੇਂ ਸਿਰੇ ਤੋਂ ਸਰਵੇ ਕਰਵਾਇਆ ਜਾਵੇ ਤਾਂ ਕਿ ਇਸ ਸਬੰਧੀ ਸਕੀਮਾਂ ਦਾ ਫਾਇਦਾ ਸਹੀ ਅਤੇ ਯੋਗ ਵਿਅਕਤੀਆਂ ਨੂੰ ਮਿਲ ਸਕੇ।

### ਪ੍ਰਬੰਧਕੀ ਪ੍ਰਣਾਲੀ ਵਿੱਚ ਕਾਰਜ-ਕੁਸ਼ਲਤਾ

ਸਰਕਾਰੀ ਕਰਮਚਾਰੀਆਂ ਦੀ ਪ੍ਰਬੰਧਕੀ ਪ੍ਰਣਾਲੀ ਵਿੱਚ ਕ਼ਾਰਜ-ਕੁਸ਼ਲਤਾ ਲਿਆਉਣ ਸਬੰਧੀ ਸ਼੍ਰੀ ਐਨ.ਕੇ.ਅਰੋੜਾ, ਆਈ.ਏ.ਐਸ.(ਰਿਟਾਇਰਡ), ਸਲਾਹਕਾਰ, ਮੈਗਸੀਪਾ ਨੇ ਕਿਹਾ ਕਿ ਅੱਜ ਸਰਕਾਰੀ ਮੁਲਾਜ਼ਮ ਦੀ ਭਰੋਸੇਯੋਗਤਾ (credibility) ਨਹੀਂ ਹੈ। ਸਰਕਾਰ ਦਾ ਵੇਖਣਯੋਗ ਚਿਹਰਾ ਉਸ ਦੇ ਮੁਲਾਜ਼ਮ ਹੀ ਹੁੰਦੇ ਹਨ। ਸਰਵਿਸ ਮੈਨੇਜਮੈਂਟ ਨਿੱਜੀ ਮੁਫਾਦਾਂ ਤੋਂ ਉਪਰ ਉਠ ਕੇ ਕਰਨੀ ਪਵੇਗੀ। ਇਸ ਦੀ ਪ੍ਰਕ੍ਰਿਆ ਨਵੀਂ ਭਰਤੀ (recruitment) ਤੋਂ ਸ਼ੁਰੂ ਹੁੰਦੀ ਹੈ। ਇਸ ਨੂੰ ਬੇਦਾਗ ਰੱਖਣ ਦੀ ਲੋੜ ਹੈ।



ਸ਼੍ਰੀ ਰਾਕੇਸ਼ ਰਾਠੌਰ, ਮੇਅਰ, ਨਗਰ ਨਿਗਮ, ਜਲੰਧਰ, ਸ਼੍ਰੀ ਐਨ.ਕੇ.ਅਰੋੜਾ, ਆਈ.ਏ.ਐਸ.(ਰਿਟਾ),ਸਲਾਹਕਾਰ, ਰੀਜਨਲ ਸੈਂਟਰ, ਮੈਗਸੀਪਾ ਅਤੇ ਸ਼੍ਰੀ ਐਸ.ਆਰ. ਲੱਧੜ, ਆਈ.ਏ.ਐਸ., ਕਮਿਸ਼ਨਰ, ਜਲੰਧਰ ਡਵੀਜ਼ਨ ਸੈਮੀਨਾਰ ਵਿੱਚ ਸ਼ਿਰਕਤ ਕਰਦੇ ਹੋਏ

ਡਾਇਰੈਕਟਰ ਜਨਰਲ, ਮੈਗਸੀਪਾ ਸ਼੍ਰੀ ਬੀ.ਕੇ.ਸ਼੍ਰੀਵਾਸਤਵਾ ਨੇ ਕਿਹਾ ਕਿ ਸਰਕਾਰੀ ਮੁਲਾਜ਼ਮਾਂ ਦੀ ਤਨਖਾਹ ਤੇ ਹਜ਼ਾਰਾਂ ਕਰੋੜ ਰੁਪਏ ਖਰਚ ਹੁੰਦੇ ਹਨ। ਜਵਾਬ-ਦੇਹੀ ਨਾਲ ਜਨਤਾ ਵਿੱਚ ਯਕੀਨ ਵਧੇਗਾ। ਆਊਟ ਸਟੈਂਡਿੰਗ ਕਾਰਗੁਜ਼ਾਰੀ ਵਾਲੇ ਮੁਲਾਜ਼ਮਾਂ ਨੂੰ ਵਿਸ਼ੇਸ਼ ਤਰੱਕੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਤਰੱਕੀ ਸਮੇਂ ਰਿਸਰਚ ਕਰਨ ਵਾਲੇ ਮੁਲਾਜ਼ਮਾਂ ਜਾਂ ਮੁਲਾਜ਼ਮਾਂ ਦੇ ਗਰੁੱਪ ਨੂੰ ਕੁਝ ਅੰਕ ਦਿੱਤੇ ਜਾਣ।

ਸ਼੍ਰੀ ਸਤਨਾਮ ਸਿੰਘ ਕੈਂਥ, ਸਾਬਕਾ ਐਮ. ਪੀ., ਸ਼੍ਰੀ ਰਾਮ ਕਿਸ਼ਨ ਕਟਾਰੀਆ, ਸਾਬਕਾ ਐਮ. ਐਲ. ਏ., ਸ: ਸੁੱਖਦੇਵ ਸਿੰਘ ਸ਼ਾਹਬਾਜ਼ਪੁਰੀ, ਸਾਬਕਾ ਐਮ. ਐਲ. ਏ. ਅਤੇ ਸ਼੍ਰੀ ਐਸ. ਸੀ. ਹੱਟਾ, ਸੀਨੀਅਰ ਕਨਸਲਟੈਂਟ, ਪ੍ਰਸੋਨਲ ਮੈਨੇਜਮੈਂਟ ਸੈੱਲ, ਮੈਗਸੀਪਾ ਨੇ ਵੀ ਇਸ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ।

*Contact: Shri B. S. Dhillon; bsdhillon@mgsipap.org Ph: 0172-2793588 Ext:512*



# ਗਰੀਬੀ ਨੂੰ ਘਟਾਉਣ ਦੇ ਉਪਾਓ

ਹਰਦੇਵ ਅਰਸ਼ੀ
ਸਾਬਕਾ ਵਿਧਾਇਕ

ਆਜ਼ਾਦੀ ਪ੍ਰਾਪਤੀ ਦੇ 62 ਸਾਲਾ ਲੰਮੇ ਅਰਸੇ ਬਾਅਦ ਵੀ ਅਸੀਂ ਦੇਸ਼ ਵਿੱਚੋਂ ਗਰੀਬੀ ਨਹੀਂ ਹਟਾ ਸਕੇ ਹਾਂ, ਗਰੀਬ ਵਰਗ ਦੀ ਗਿਣਤੀ ਘਟਣ ਦੀ ਬਜਾਏ ਵੱਧ ਰਹੀ ਹੈ। ਦੇਸ਼ ਵਿੱਚ ਆਰਥਿਕ ਪਾੜਾ ਘਟਣ ਦੀ ਬਜਾਏ ਵੱਧ ਰਿਹਾ ਹੈ। ਇਸ ਦੇ ਅਸਲ ਕਾਰਨ ਤਾਂ ਬਹੁਤ ਹਨ, ਪ੍ਰੰਤੂ ਅਗਰ ਪਹਿਲ ਦੇ ਆਧਾਰ ਤੇ ਇਮਾਨਦਾਰੀ ਨਾਲ ਹੇਠ ਲਿਖੇ ਕਦਮ ਚੁੱਕੇ ਜਾਣ ਤਾਂ ਗਰੀਬੀ ਘਟਾਉਣ ਵਿੱਚ ਵੱਡੀ ਹੱਦ ਤਕ ਸਹਾਈ ਹੋ ਸਕਦੇ ਹਨ, ਜਿਵੇਂ ਕਿ:

- ਸਿੱਖਿਆ ਤੇ ਸਿਹਤ ਸੇਵਾਵਾਂ ਗਰੀਬ ਵਰਗ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਉਨ੍ਹਾਂ ਉਪਰ ਕੇਵਲ ਕੁੱਲ ਘਰੇਲੂ ਉਤਪਾਦ ਦਾ ਮੁਸ਼ਕਲ ਨਾਲ ਡੇਢ ਤੋਂ ਤਿੰਨ ਪ੍ਰਤੀਸ਼ਤ ਹੀ ਖਰਚ ਕੀਤਾ ਜਾ ਰਿਹਾ ਹੈ। ਜ਼ਰੂਰੀ ਹੈ ਕਿ ਉਕਤ ਲਈ ਘੱਟੋ-ਘੱਟ ਕੁੱਲ ਘਰੇਲੂ ਉਤਪਾਦ ਦਾ 10% ਹਿੱਸਾ ਰਾਖਵਾਂ ਕੀਤਾ ਜਾਵੇ ਤਾਂ ਕਿ ਸਰਕਾਰੀ ਸਿੱਖਿਆ ਤੇ ਸਿਹਤ ਸੇਵਾਵਾਂ ਦਾ ਲਾਭ ਗਰੀਬ ਵਰਗ ਨੂੰ ਮਿਲ ਸਕੇ। ਅਪ੍ਰੈਲ ਤੋਂ ਲਾਗੂ ਹੋ ਰਹੇ ਸਿੱਖਿਆ ਦੇ ਮੌਲਿਕ ਅਧਿਕਾਰ ਬਿੱਲ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਲਈ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ।
- ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ) ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕੀਤਾ ਜਾਵੇ, ਕੰਮ ਦਿੱਤੇ ਜਾਣ ਦੇ ਦਿਨ 100 ਤੋਂ ਵਧਾ ਕੇ 200 ਕੀਤੇ ਜਾਣ।
- ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਗਰੀਬ ਵਰਗ ਦੇ ਹਿਤਾਂ ਲਈ ਅਨੇਕਾਂ ਲਾਭਕਾਰੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਪ੍ਰੰਤੂ ਭ੍ਰਿਸ਼ਟਾਚਾਰ/ਕਮਿਸ਼ਨ ਕਾਰਨ, ਜੋ ਜੜ੍ਹ-ਪੱਧਰ ਦੀ ਬਿਮਾਰੀ ਬਣ ਚੁੱਕਾ ਹੈ, ਉਸ ਦਾ ਅਸਲੀ ਲਾਭਪਾਤਰੀਆਂ ਨੂੰ ਨਾਂ ਮਾਤਰ ਹੀ ਲਾਭ ਪਹੁੰਚ ਰਿਹਾ ਹੈ। ਜ਼ਰੂਰੀ ਹੈ ਕਿ ਇਸ ਨੂੰ ਸਖਤ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਨਵਾਂ ਕਾਨੂੰਨੀ ਪ੍ਰਬੰਧ ਕੀਤਾ ਜਾਵੇ।
- ਦੇਸ਼ ਦੀਆਂ ਵਪਾਰਕ ਬੈਂਕਾਂ ਲਈ ਇਹ ਜ਼ਰੂਰੀ ਕਰ ਦਿੱਤਾ ਜਾਵੇ ਕਿ ਉਹ ਕਰਜੇ ਦਾ ਘੱਟੋ-ਘੱਟ 20% ਹਿੱਸਾ ਗਰੀਬੀ ਰੇਖਾ ਤੋਂ ਨੀਚੇ ਵਾਲੇ ਲੋਕਾਂ ਲਈ ਰਾਖਵਾਂ ਕਰਨ, ਤਾਂ ਕਿ ਉਹ ਨਵੇਂ ਉਤਪਾਦਨ ਧੰਧੇ ਸ਼ੁਰੂ ਕਰ ਸਕਣ, ਇਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਕਿ ਕਰਜਾ ਗੈਰ ਉਤਪਾਦਕ ਕੰਮਾਂ ਦੀ ਬਜਾਏ ਉਤਪਾਦਕ ਕੰਮਾਂ ਲਈ ਹੀ ਵਰਤਿਆ ਜਾਵੇ।
- ਗਰੀਬ ਵਰਗ ਦੀ ਖਰੀਦ-ਸ਼ਕਤੀ ਖੁਲ੍ਹੇ ਬਜ਼ਾਰ ਵਿੱਚੋਂ ਜਰੂਰੀ ਜੀਵਨ ਲੋੜ ਦੀਆਂ ਵਸਤੂਆਂ ਨੂੰ ਖਰੀਦਣ ਦੀ ਆਗਿਆ ਨਹੀਂ ਦਿੰਦੀ ਹੈ। ਇਸ ਲਈ ਜਰੂਰੀ ਹੈ ਕਿ ਜਨਤਕ ਵੰਡ ਪ੍ਰਣਾਲੀ ਦੇਸ਼ ਵਿੱਚ ਮਜ਼ਬੂਤ ਕੀਤੀ ਜਾਵੇ, ਜਿੱਥੋਂ ਘੱਟੋ-ਘੱਟ ਜਰੂਰੀ ਜੀਵਨ ਲੋੜ ਦੀਆਂ ਚੀਜਾਂ, ਸਬਸਿਡੀ ਦੇ ਕੇ ਸਸਤੇ ਭਾਅ ਤੇ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਜਾਵੇ।
- ਦੇਸ਼ ਦੇ ਕਈ ਸੂਬਿਆਂ ਵਿੱਚ ਜ਼ਮੀਨੀ ਸੁਧਾਰਾਂ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਨਹੀਂ ਦਿੱਤਾ ਗਿਆ ਹੈ, ਨਤੀਜੇ ਵਜੋਂ ਮੁੱਠੀ ਭਰ ਲੋਕ ਹੀ ਜ਼ਮੀਨ ਦੇ ਵੱਡੇ ਹਿੱਸੇ ਉਪਰ ਕਾਬਜ਼ ਹਨ। ਪਹਿਲ ਦੇ ਆਧਾਰ ਤੇ ਸਬੰਧਤ ਰਾਜਾਂ ਵਿੱਚ ਰੈਡੀਕਲ ਜ਼ਮੀਨੀ ਸੁਧਾਰ ਕਰਕੇ ਫਾਲਤੂ ਜ਼ਮੀਨ ਉਨ੍ਹਾਂ ਬੇਜ਼ਮੀਨੇ ਲੋਕਾਂ ਵਿੱਚ ਵੰਡੀ ਜਾਵੇ, ਜਿਨ੍ਹਾਂ ਦੀ ਰੋਜੀ-ਰੋਟੀ ਖੇਤੀ ਨਾਲ ਜੁੜੀ ਹੋਈ ਹੈ।
- ਇਸੇ ਤਰ੍ਹਾਂ ਹੀ ਆਦਿਵਾਸੀਆਂ ਨੂੰ ਜੰਗਲਾਂ ਵਿੱਚੋਂ ਉਜਾੜਨਾ ਬੰਦ ਕੀਤਾ ਜਾਵੇ ਤੇ ਉਨ੍ਹਾਂ ਵੱਲੋਂ ਅਬਾਦ ਕੀਤੀ ਗਈ ਜ਼ਮੀਨ ਦੇ ਮਾਲਕੀ ਹੱਕ ਉਨ੍ਹਾਂ ਨੂੰ ਦਿੱਤੇ ਜਾਣ।
- ਐਸ. ਸੀ. ਵਰਗ ਨੂੰ ਮਿਲ ਰਹੇ ਰਾਖਵਾਂਕਰਣ ਦੇ ਅਧਿਕਾਰਾਂ ਦਾ ਰਿਵਿਊ ਕਰਕੇ, ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਇਸ ਦੇ ਲਾਭ ਦਲਿਤ ਵਰਗ ਦੇ ਅਤੀ ਗਰੀਬ ਲੋਕਾਂ ਨੂੰ ਹੀ ਮਿਲ ਸਕਣ।
- ਸਨਅਤੀ ਤੌਰ ਤੇ ਪੱਛੜੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦਾ ਸਨਅਤੀਕਰਣ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਦਿੱਤੇ ਜਾਣ ਦੇ ਮੌਕੇ ਦਿੱਤੇ ਜਾਣ।
- ਬੇਘਰੇ ਲੋਕਾਂ ਨੂੰ ਪਲਾਟ ਤੇ ਮਕਾਨ ਬਣਾਉਣ ਲਈ ਗਰਾਂਟਾਂ ਦੇਣ ਲਈ ਹਰ ਬਜਟ ਵਿੱਚ ਵੱਡੀ ਰਾਸ਼ੀ ਰਾਖਵੀਂ ਰੱਖੀ ਜਾਵੇ।
- ਗਰੀਬਾਂ ਲਈ ਅਮਲੀ ਰੂਪ ਵਿੱਚ ਸਿਹਤ ਬੀਮਾਂ ਯੋਜਨਾ ਲਾਗੂ ਕੀਤੀ ਜਾਵੇ।
- ਗਰੀਬੀ ਘਟਾਉਣ ਲਈ ਹੋਰ ਨਵੀਆਂ ਯੋਜਨਾਵਾਂ/ਸਕੀਮਾਂ ਉਲੀਕੀਆਂ ਜਾਣ, ਜਿਨ੍ਹਾਂ ਲਈ ਵਿੱਤੀ ਸਾਧਨ ਜੁਟਾਉਣ ਵਾਸਤੇ ਬਿਨਾਂ ਦੇਰੀ ਦੇਸ਼ ਦੇ ਅੰਦਰ ਤੇ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਅਰਬਾਂ/ਖਰਬਾਂ ਦੇ ਕਾਲੇ ਧਨ ਨੂੰ ਬਾਹਰ ਕਢਵਾਇਆ ਜਾਵੇ ਤੇ ਆਰਜੀ ਤੌਰ ਤੇ ਮੌਜੂਦਾ ਪੰਜ ਸੌ ਰੁਪਏ ਤੇ ਇਕ ਹਜ਼ਾਰ ਦੇ ਨੋਟਾਂ ਨੂੰ ਰੱਦ ਕੀਤਾ ਜਾਵੇ।

ਇਹ ਲੇਖ ਇਸ ਸੰਸਥਾਨ ਦੇ ਵਿਧਾਨ ਸਭਾ ਸਟੱਡੀ ਸੈਂਟਰ ਦੁਆਰਾ ਪ੍ਰਾਪਤ ਕੀਤਾ ਗਿਆ ਹੈ। ਵਿਧਾਨ ਸਭਾ ਸਟੱਡੀ ਸੈਂਟਰ ਵੱਲੋਂ ਵਿਧਾਨਕਾਰਾਂ ਅਤੇ ਸਾਬਕਾ ਵਿਧਾਨਕਾਰਾਂ ਅਤੇ ਹੋਰ ਲੋਕ ਨੀਤੀਵਾਨਾਂ ਨੂੰ ਨੀਤੀ ਮੁੱਦਿਆਂ ਤੇ ਆਪਣੇ ਵਿਚਾਰ ਭੇਜਣ ਲਈ ਬੇਨਤੀ ਕੀਤੀ ਗਈ ਸੀ ਤਾਂ ਕਿ ਇਨ੍ਹਾਂ ਮੁੱਦਿਆਂ ਤੇ ਗੋਸ਼ਟੀ ਕਰਵਾਈ ਜਾ ਸਕੇ। ਇਸ ਸੈਂਟਰ ਵੱਲੋਂ ਕੀਤੀ ਗਈ ਬੇਨਤੀ ਤੇ ਸ਼੍ਰੀ ਹਰਦੇਵ ਅਰਸ਼ੀ ਨੇ ਆਪਣਾ ਇਹ ਲੇਖ ਭੇਜਿਆ ਹੈ।

ਮਹਾਤਮਾ ਗਾਂਧੀ ਸੰਸਥਾਨ ਵਿੱਚ ਸਾਲ 2008 ਵਿੱਚ ਸੈਂਟਰ ਫਾਰ ਪਾਵਰਟੀ ਰਿਡਕਸ਼ਨ ਸਥਾਪਿਤ ਕੀਤਾ ਗਿਆ ਸੀ ਜਿਸ ਦੇ ਅਧੀਨ ਗਰੀਬੀ ਘਟਾਉਣ ਦੇ ਪ੍ਰਭਾਵਸ਼ਾਲੀ ਉਪਾਓ ਦੇ ਅਧਿਐਨ ਕੀਤੇ ਜਾਂਦੇ ਹਨ। ਇਸ ਸੈਂਟਰ ਵਲੋਂ ਅਧਿਐਨ ਉਪਰੰਤ ਇਹ ਪਾਇਆ ਗਿਆ ਕਿ ਗਰੀਬਾਂ ਲਈ ਹੈਂਡ-ਹੋਲਡਿੰਗ ਐਨ.ਜੀ.ਓਜ ਨੂੰ ਪ੍ਰਫੁਲਤ ਕਰਨਾ ਜ਼ਰੂਰੀ ਹੈ ਜਿਹੜੇ 'ਰਾਜ ਪੱਧਰੀ ਗਰੀਬੀ ਘਟਾਓ ਪ੍ਰੀਸ਼ਦ' ਦੀ ਅਗਵਾਈ ਹੇਠ ਕੰਮ ਕਰਨ।

*Contact: Shri B. S. Dhillon, Secretary; vssc@mgsipap.org Ph: 0172-2793588 Ext:512*
*Shri Harjit Singh, Incharge, Centre for Poverty Reduction; cpr@mgsipap.org; Ph: +91 99151 01020*

# April 2010

## ਵਿਧਾਨ ਸਭਾ ਸਟੱਡੀ ਸੈਂਟਰ

### ਵਿਧਾਨ ਸਭਾ ਦੇ ਬਜਟ ਸੈਸ਼ਨ 2010 ਦੀਆਂ ਕੁਝ ਝਲਕੀਆਂ

### ਵਿਸ਼ੇਸ਼ ਅਧਿਕਾਰ ਦਾ ਮਾਮਲਾ

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ, ਵਿਰੋਧੀ ਧਿਰ ਦੀ ਨੇਤਾ, ਦੁਆਰਾ ਪਿੱਛਲੇ ਸੈਸ਼ਨ ਦੌਰਾਨ ਸਪੀਕਰ ਸਾਹਿਬ ਦੇ ਖਿਲਾਫ ਇਤਰਾਜ਼ਯੋਗ ਸ਼ਬਦ ਵਰਤਣ ਅਤੇ ਸਦਨ ਦੀ ਮਰਿਆਦਾ ਭੰਗ ਕਰਨ ਤੇ ਵਿਸ਼ੇਸ਼ ਅਧਿਕਾਰ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਉਨ੍ਹਾਂ ਨੂੰ ਇਸ ਸਬੰਧ ਵਿੱਚ ਜਿੰਮੇਵਾਰ ਠਹਿਰਾਇਆ ਅਤੇ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ। ਸਪੀਕਰ ਸਾਹਿਬ ਨੇ ਕੁਝ ਮੈਂਬਰਾਂ ਦੀ ਰਾਏ ਸੁਣਨ ਤੋਂ ਬਾਅਦ ਕਿਹਾ ਕਿ ਇਹ ਚੰਗਾ ਹੋਵੇਗਾ ਕਿ ਜੇ ਅਸੀਂ ਹਾਊਸ ਦੇ ਸਾਰੇ ਮੈਂਬਰ ਰਲ ਕੇ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਨੂੰ ਮੁਆਫ ਕਰ ਦੇਈਏ, ਇਸ ਦੇ ਨਾਲ ਸਦਨ ਦਾ ਮਾਹੌਲ ਸੁਖਾਵਾਂ ਬਣੇਗਾ। ਸਾਰੇ ਸਦਨ ਨੇ ਸਰਬਸੰਮਤੀ ਨਾਲ ਸਪੀਕਰ ਸਾਹਿਬ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ ਅਤੇ ਕਮੇਟੀ ਦੀ ਰਿਪੋਰਟ ਤੇ ਕੋਈ ਕਾਰਵਾਈ ਨਾ ਕੀਤੀ ਗਈ।**

### ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਰੁੱਧ ਚੱਲ ਰਹੇ ਕੇਸਾਂ ਸਬੰਧੀ ਸੁਝਾਓ

**ਸਦਨ ਵਿੱਚ ਇਕ ਹੋਰ ਵਰਣਨਯੋਗ ਮਾਮਲਾ ਆਇਆ ਕਿ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿੱਚਕਾਰ ਤਣਾਓਪੂਰਨ ਮਾਹੌਲ ਨੂੰ ਘੱਟ ਕਰਨ ਲਈ ਦੋਹਾਂ ਧਿਰਾਂ ਵਿਰੁੱਧ ਕਚਹਿਰੀਆਂ ਵਿੱਚ ਚੱਲ ਰਹੇ ਕੇਸਾਂ ਨੂੰ ਵਾਪਸ ਲਿਆ ਜਾਵੇ। ਇਸ ਤੇ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਐਡਵੋਕੇਟ ਜਨਰਲ, ਪੰਜਾਬ ਦੀ ਕਾਨੂੰਨੀ ਸਲਾਹ ਲਏ ਜਾਣ ਦਾ ਵੀ ਸੁਝਾਓ ਆਇਆ।**

ਅਖਬਾਰਾਂ ਵਿੱਚ ਚਰਚਿਤ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਡਾਕਟਰਾਂ ਦੀ ਭਰਤੀ ਵਿੱਚ ਕਥਿਤ ਘੁਟਾਲੇ ਸਬੰਧੀ ਪੜਤਾਲ ਕਰਵਾਉਣ ਦਾ ਮਾਮਲਾ ਸਦਨ ਵਿੱਚ ਉਠਾਇਆ ਗਿਆ, ਜਿਸ ਤੇ ਸਪੀਕਰ ਸਾਹਿਬ ਨੇ ਐਡਵੋਕੇਟ ਜਨਰਲ ਨੂੰ ਆਪਣੀ ਰਾਏ ਦੇਣ ਲਈ ਕਿਹਾ।

ਐਡਵੋਕੇਟ ਜਨਰਲ, ਪੰਜਾਬ ਨੇ ਸਦਨ ਵਿੱਚ ਆਪਣੀ ਰਾਏ ਦਿੰਦੇ ਹੋਏ ਕਿਹਾ ਕਿ ਅਜਿਹੇ ਕਥਿਤ ਘੁਟਾਲੇ ਵਿੱਚ ਸਰਕਾਰ ਪੜਤਾਲ ਕਰ ਸਕਦੀ ਹੈ।

### ਸਰਕਾਰੀ ਮਤੇ

**ਸਦਨ ਨੇ ਨਿਮਨ ਲਿਖਤ ਚਾਰ ਵਿਸ਼ਿਆਂ ਤੇ ਸਰਕਾਰੀ ਮਤੇ ਸਰਬਸੰਮਤੀ ਨਾਲ ਪਾਸ ਕੀਤੇ:**

1. **ਪੰਜਾਬੀ ਭਾਸ਼ਾ ਨੂੰ ਪ੍ਰਥਮ ਭਾਸ਼ਾ ਦਾ ਦਰਜਾ ਦੇਣਾ;**
2. **ਹਰਿਆਣਾ ਅਤੇ ਦਿੱਲੀ ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਸ਼ਲਾਘਾ ਅਤੇ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ, ਉੱਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼, ਉੜੀਸਾ, ਪੱਛਮੀ ਬੰਗਾਲ, ਮਹਾਰਾਸ਼ਟਰ ਅਤ ਰਾਜਸਥਾਨ ਆਦਿ ਦੂਸਰੇ ਰਾਜਾਂ ਵਿੱਚ, ਜਿੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫੀ ਹੈ, ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣਾ; ਅਤੇ**
3. **ਚੰਡੀਗੜ੍ਹ ਯੂ.ਟੀ. ਵਿੱਚ ਪੰਜਾਬ ਤੇ ਹਰਿਆਣਾ ਦੇ ਕਰਮਚਾਰੀਆਂ ਦਾ 60:40 ਅਨੁਪਾਤ ਬਹਾਲ ਰੱਖਣਾ; ਅਤੇ**
4. **ਪ੍ਰਧਾਨ ਮੰਤਰੀ ਅਤੇ ਹੋਰ ਨੇਤਾਵਾਂ ਦਾ ਪੰਜਾਬ ਪ੍ਰਤੀ ਦਿਖਾਏ ਗਏ ਸਨੇਹ ਲਈ ਧੰਨਵਾਦ ਕਰਨਾ।**

### ਪਾਲਿਸੀ ਮੁੱਦਿਆਂ ਸਬੰਧੀ ਵਿਧਾਨ ਸਭਾ ਵਿੱਚ ਪ੍ਰਸ਼ਨ

**ਹਰ ਰੋਜ਼ ਸਦਨ ਵਿੱਚ 20 ਤਾਰਾਅੰਕਤ ਪ੍ਰਸ਼ਨ ਜਬਾਨੀ ਉੱਤਰ ਦੇਣ ਲਈ ਲਗਾਏ ਜਾਂਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾ ਪ੍ਰਸ਼ਨ ਮੈਂਬਰ ਸਾਹਿਬਾਨ ਦੇ ਹਲਕੇ ਅਤੇ ਉਥੋਂ ਦੀਆਂ ਸਮੱਸਿਆਵਾਂ ਨਾਲ ਸਬੰਧ ਰੱਖਦੇ ਹਨ। ਕੁਝ ਪ੍ਰਸ਼ਨ ਪਾਲਿਸੀ ਮੁੱਦਿਆਂ ਨਾਲ ਸਬੰਧ ਰੱਖਣ ਵਾਲੇ ਹੁੰਦੇ ਹਨ। ਵਿਧਾਨ ਸਭਾ ਸਟੱਡੀ ਸੈਂਟਰ ਅਜਿਹੇ ਪਾਲਿਸੀ ਨਾਲ ਸਬੰਧ ਰੱਖਣ ਵਾਲੇ ਪ੍ਰਸ਼ਨਾਂ ਦੀ ਘੋਖ ਕਰਦਾ ਹੈ ਅਤੇ ਉਨ੍ਹਾਂ ਨੂੰ ਇਸ ਸੰਸਥਾਨ ਦੇ ਸਬੰਧਤ ਕੇਂਦਰਾਂ ਕੋਲ ਭੇਜਦਾ ਹੈ ਤਾਂ ਕਿ ਉਨ੍ਹਾਂ ਦਾ ਹੋਰ ਬਰੀਕੀ ਨਾਲ ਅਧਿਐਨ ਕਰ ਸਕਣ।**

**ਸ: ਈਸ਼ਰ ਸਿੰਘ ਦੇ ਪਾਲਿਸੀ ਨਾਲ ਸਬੰਧਤ ਸਭ ਤੋਂ ਵੱਧ ਤਿੰਨ ਪ੍ਰਸ਼ਨ ਅਰਥਾਤ; ਸਕੂਲਾਂ ਵਿੱਚ ਦੁਪਹਿਰ ਦੇ ਖਾਣੇ ਸਬੰਧੀ ਸਕੀਮ; ਲਿੰਕ ਸੜਕਾਂ ਦੇ ਨਾਲ ਨਾਲ ਨਜ਼ਾਇਜ਼ ਕਬਜ਼ੇ; ਅਤੇ ਧਰਤੀ ਹੇਠਲੇ ਪਾਣੀ ਦਾ ਘੱਟਦਾ ਪੱਧਰ; ਆਦਿ ਸਨ।**

**ਸ: ਰਿਪੂਜੀਤ ਸਿੰਘ ਬਰਾੜ ਨੇ ਖੇਤੀ ਭਿੰਨਤਾ ਲਈ ਚੁੱਕੇ ਗਏ ਕਦਮ ਅਤੇ ਪਾਣੀ ਦੇ ਡਿਗਦੇ ਪੱਧਰ ਬਾਰੇ; ਅਤੇ ਸ: ਸੁੱਖਪਾਲ ਸਿੰਘ ਖਹਿਰਾ ਨੇ ਬਿਸਤ ਦੁਆਬ ਨਹਿਰ ਦੁਆਰਾ ਰੀਚਾਰਜ ਬਾਰੇ ਵੱਖ ਵੱਖ ਪ੍ਰਸ਼ਨ ਪੁੱਛੇ।**

**ਸ: ਅਜੀਤ ਇੰਦਰ ਸਿੰਘ ਮੋਫਰ ਨੇ ਸਸਤਾ ਆਟਾ ਵੰਡਣ ਸਬੰਧੀ ਵਿਧੀ; ਸ: ਅਜੀਤ ਸਿੰਘ ਸ਼ਾਂਤ ਨੇ ਆਟਾ ਦਾਲ ਸਕੀਮ ਵਿੱਚ ਖਾਮੀਆਂ; ਅਤੇ ਰਾਣਾ ਕੇ. ਪੀ. ਸਿੰਘ ਨੇ ਜਨਤਕ ਵੰਡ ਪ੍ਰਣਾਲੀ ਰਾਹੀਂ ਕਣਕ ਵੰਡਣ ਬਾਰੇ ਵੱਖ ਵੱਖ ਪ੍ਰਸ਼ਨ ਪੁੱਛੇ।**

**ਸ: ਇਕਬਾਲ ਸਿੰਘ ਝੂੰਦਾ ਨੇ ਆਂਗਨਵਾੜੀ ਸੈਂਟਰ ਖੋਲ੍ਹਣ ਦੀ ਕਸੌਟੀ ਬਾਰੇ; ਅਤੇ ਕੈਪਟਨ ਬਲਬੀਰ ਸਿੰਘ ਬਾਠ ਨੇ ਆਂਗਨਵਾੜੀ ਵਰਕਰਾਂ ਦੀ ਭਰਤੀ ਸਬੰਧੀ ਵੱਖ ਵੱਖ ਪ੍ਰਸ਼ਨ ਪੁੱਛੇ।**

**ਸ: ਬਿਕਰਮ ਸਿੰਘ ਮਜੀਠੀਆ ਨੇ ਰਾਜ ਵਿੱਚ ਆਯੁਰਵੈਦਿਕ ਡਿਸਪੈਂਸਰੀਆਂ ਸਬੰਧੀ; ਅਤੇ ਸ: ਅਮਰਜੀਤ ਸਿੰਘ ਸਾਹੀ ਨੇ ਅਨੁਸੂਚਿਤ ਜਾਤੀਆਂ ਲਈ ਅਤੇ ਹੋਰ ਸਰਟੀਫੀਕੇਟ ਜਾਰੀ ਕਰਨ ਦੇ ਅਧਿਕਾਰ ਨਾਇਬ ਤਹਿਸੀਲਦਾਰਾਂ ਨੂੰ ਦੇਣ ਸਬੰਧੀ ਪ੍ਰਸ਼ਨ ਪੁੱਛੇ।**

*Contact: Shri B. S. Dhillon, Secretary; vssc@mgsipap.org Ph: 0172-2793588 Ext: 512*